# ਅੰਮ੍ਰਿਤ ਕੀਰਤਨ

ਮਾਰਚ 2011



ਭਾਈ ਘਨੱਈਆ ਜੀ

Courtesy : good-times.webshots.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਖਰੀ ਗੱਲ

ਪਿਆਰ ਨਾਲ ਜੇ ਆਪੂੰ ਨਜਿੱਠ ਲਈਏ,
ਵਿਚਾਰ ਲਈਏ ਤਾਂ ਅਕਲ ਦੀ ਥੋੜ੍ਹ ਕੋਈ ਨਹੀਂ।

ਚੰਗੀ ਵਾਰਤਾ ਨੂੰ ਜੇ ਕੋਈ ਨਾ ਸਮਝੇ,
ਰਹਿਣਾ ਚੁੱਪ ਚੰਗਾ, ਉਥੇ ਜ਼ੋਰ ਕੋਈ ਨਹੀਂ।

ਕੜੇ ਸਵਰਨ ਦੇ ਜੇ ਕਰ ਕੱਟਦੇ ਨੇ,
ਲਾਹ ਸੁੱਟੀਏ, ਪਾਣ ਦੀ ਲੋੜ ਕੋਈ ਨਹੀਂ।

ਹਾਰ ਮੋਤੀਆਂ ਦਾ ਜੇ ਕਰ ਚੁੱਭਦਾ ਏ,
ਉਸ ਨੂੰ ਕਦੇ ਹੰਢਾਣ ਦੀ ਲੋੜ ਕੋਈ ਨਹੀਂ।

ਅਸਾਂ ਗੱਲ ਇਨਸਾਫ ਦੀ ਆਖ ਦਿੱਤੀ,
ਭਾਵੇਂ ਕਿਸੇ ਨੂੰ ਚੁੱਭਦੀ ਭਾਂਵਦੀ ਨਹੀਂ।

ਹਰ ਕੋਈ ਤੋੜ ਮਰੋੜ ਕੇ ਸੁੱਟ ਦਿੰਦਾ,
ਝਗੜੇ ਨਿੱਤ ਦੇ ਕੋਈ ਵੀ ਚਾਹਵੰਦਾ ਨਹੀਂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4

ਕਰਉ ਬੇਨੰਤੀਆ - ਸਫਲ ਤਿਨਾ ਕੇ ਕਾਮਾ 5

ਭਾਈ ਘਨਈਆ
ਚਿਤਰਕਾਰ ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਦੀ ਨਜ਼ਰ ਵਿਚ - ਜਗਤਾਰਜੀਤ 6

ਰਾਗ ਰੁੱਤ
ਕਰਮ ਸਿੰਘ ਰਤਨ 11

**Good Physical Health through Music**
Narendra Kaur 13

**ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਿਆਦਾ**
ਡਾ. ਗੁਰਨਾਮ ਸਿੰਘ 18

**ਬੀਬੀ ਜਸਬੀਰ ਕੌਰ ਖਾਲਸਾ : ਸ਼ਰਧਾਂਜਲੀ ਸਮਾਰੋਹ** 19

ਚੌਂਕੀ ਸਾਹਿਬ ਦੀ ਕੀਰਤਨ ਪਰੰਪਰਾ
ਡਾ. ਗੁਰਨਾਮ ਸਿੰਘ' 20

ਸੁਰ ਲਿਪੀ - ਰਾਗ ਸਾਰੰਗ
ਜਬਰਜੰਗ ਸਿੰਘ 22

ਸੁਰ ਲਿਪੀ ਦੇ ਅਰਥ 25

**ਸ਼ੋਕ ਮਤਾ** 26


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਜਨਵਰੀ 2011 ਦਾ 'ਅੰਮ੍ਰਿਤ ਕੀਰਤਨ ਪੜ੍ਹਕੇ ਮਨ ਨੂੰ ਅਤਿਅੰਤ ਖੁਸ਼ੀ ਹੋਈ। ਆਪ ਜੀ ਵੱਲੋਂ 'ਕਰਉ ਬੇਨੰਤੀਆ' (ਰਾਗ ਰਤਨ-ਨਿਰਧਾਰਿਤ ਰਾਗਾਂ ਅਨੁਸਾਰ ਸ਼ਬਦ ਗਾਇਨ) ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਤੁਸੀਂ ਬਿਲਕੁਲ ਠੀਕ ਲਿਖਿਆ ਹੈ ਕਿ ਅੱਜ ਕੱਲ੍ਹ ਵਧੇਰੇ ਕਰਕੇ ਕੀਰਤਨੀ ਜੱਥੇ ਗੁਰਬਾਣੀ ਨੂੰ ਤਰੋੜ-ਮਰੋੜ ਕੇ, ਜਾਂ ਸ਼ਬਦ ਦੀਆਂ ਵਿਚਲੀਆਂ ਪੰਕਤੀਆਂ ਨੂੰ ਆਧਾਰ ਬਣਾ ਕੇ ਸ਼ਬਦ ਗਾਇਨ ਕਰਦੇ ਹਨ।

ਜਿੱਥੇ ਕੋਈ ਗਲਤ ਬਾਣੀ ਉਚਾਰ ਰਿਹਾ ਹੈ, ਤੁਸੀਂ ਭੇਟਾ ਦਿੰਦੇ ਹੋ-ਤਾਂ ਇਸ ਦਾ ਮਤਲਬ ਅਸੀਂ (ਭੇਟਾ ਦੇਣ ਵਾਲੇ ਵੀ) ਉਹਨਾਂ ਦੀ ਗ਼ਲਤੀ ਵਿਚ ਭਾਈਵਾਲ ਹਾਂ।

ਆਪ ਜੀ ਵੱਲੋਂ ਭੇਜੇ ਸਾਰੇ ਐੱਸ. ਐੱਮ. ਐੱਸ. ਬੜੇ ਦਿਲ ਨਾਲ ਪੜ੍ਹੀਦਾ ਹੈ ਅਤੇ ਕੋਸ਼ਿਸ਼ ਕਰੀਦਾ ਹੈ ਕਿ ਉਸ ਤੇ ਅਮਲ ਕੀਤਾ ਜਾਵੇ। ਆਪ ਜੀ ਦੇ ਐੱਸ. ਐੱਮ. ਐੱਸ. ਵਿਚੋਂ ਇਕ ਨਵਾਂ ਰਾਹ ਲੱਭਦਾ ਹੈ ਜੋ ਕਿ ਜੀਵਨ ਨੂੰ ਚੰਗੇ ਪਾਸੇ ਤੁਰਨ ਲਈ ਪੜਿਆ ਹੈ, ਪ੍ਰਕਿਰਿਆ ਹੈ। ਸੋ ਉਮੀਦ ਕਰਦੇ ਹਾਂ ਤੁਸੀਂ ਸਾਨੂੰ ਇਸੇ ਤਰ੍ਹਾਂ ਰਾਹ ਦਿਖਾਉਂਦੇ ਰਹੋਗੇ।

ਫਰਵਰੀ 2011 ਦੇ ਅੰਕ ਵਿਚ ਡਾ. ਜਸਬੀਰ ਕੌਰ ਜੀ ਵੱਲੋਂ ਲਿਖਿਆ ਲੇਖ - ਭਾਈ ਤਰਦਾਨਾ ਜੀ ਰਬਾਬੀ ਦੀ ਗੁਰਮਤਿ ਸੰਗੀਤ ਨੂੰ ਦੇਣ-ਬਹੁਤ ਹੀ ਸ਼ਲਾਘਾਯੋਗ ਅਤੇ ਜਾਣਕਾਰੀ ਭਰਪੂਰ ਸੀ।

ਆਪ ਜੀ ਦੇ "ਅੰਮ੍ਰਿਤ ਕੀਰਤਨ" ਵਿਚ ਭਾਈ ਰਣਧੀਰ ਸਿੰਘ ਆਨਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਵੈਬਸਾਈਟ ਦੇ ਸ਼ੁਭ ਆਰੰਭ ਬਾਰੇ ਪੜ੍ਹ ਕੇ ਮਨ ਖੁਸ਼ੀ ਨਾਲ ਬਾਗ ਬਾਗ ਹੋ ਗਿਆ।

ਜਸਬੀਰ ਕੌਰ, ਮਕਾਨ ਨੰ: 581 (ਪਹਿਲੀ ਮੰਜ਼ਲ), ਫੇਸ 3ਬੀ1, ਮੋਹਾਲੀ, ਮੋਬਾਇਲ : 9876099660

Aap ji ne phone te gall - baat keeti -bahut khushi hoee. Tusin sangit di mahan te pavittar vidiya naal jurhe ho-ajj de yug ne anek navian sambhanavan ubharian han iss vidiya dian. I have listened to ur cassetes & hv deeply liked them .I am,however,no expert to make any comment. I can only offer my personal appreciation & good wishes to you.

E-mail : baal.anand@gmail.com

I have been receiving the Amrit Kirtan magazine being so kindly sent each month to me, among others, which is a great sewa, apart from providing valuable material and the information that your magazine contains. May Waheguru bless you in all your endeavours in this direction. Your offer to send free Amrit Kirtan CDs and other useful information is commendable. I wonder if it would be possible for you to kindly send me a couple of CDs and any other useful information as mentioned in your mail.

Email: sdalip43@hotmail.com

**Now you can read Amrit Kirtan & Download Kirtan of Dr. Jagir Singh from**
**www.amritkirtan.com**

**Send this information to your friends**

# ਸਫਲ ਤਿਨਾ ਕੇ ਕਾਮਾ

ਬੀਬੀ ਜਸਬੀਰ ਕੌਰ ਜੀ ਦਾ ਅਕਾਲ ਚਲਾਣਾ- ਗੁਰਮਤਿ ਸੰਗੀਤ ਦੀ ਪੁਨਰ ਸੁਰਜੀਤੀ ਲਹਿਰ ਲਈ ਇਕ ਵੱਡਾ ਸਦਮਾ ਹੈ। ਸੰਤ ਬਾਬਾ ਸੁੱਚਾ ਸਿੰਘ ਜੀ ਦੇ ਸਮੇਂ ਤੋਂ ਹੁਣ ਤਕ ਬੀਬੀ ਜੀ ਨੇ ਗੁਰਮਤਿ ਸੰਗੀਤ ਲਈ ਵੱਡੀ ਘਾਲਣਾ ਘਾਲਦਿਆਂ ਇਸ ਨੂੰ ਮੁੜ ਸਥਾਪਤ ਕਰਨ ਲਈ ਬੜੇ ਸੁਚੱਜੇ ਤਰੀਕੇ ਨਾਲ ਕਾਰਜ ਕੀਤਾ। ਜਵੱਦੀ ਕਲਾਂ ਵਿੱਖੇ ਹੋਇਆ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਈ ਪੱਖਾਂ ਤੋਂ ਅਦੁੱਤੀ ਹੀ ਸੀ।

ਮੇਰੀ ਉਹਨਾਂ ਨਾਲ ਸਾਂਝ ਪੁਰਾਣੀ ਸੀ ਜਦੋਂ ਉਹ ਗੁਰਮਤਿ ਕਾਲਜ ਵਿਚ ਐੱਮ. ਏ. ਕਰ ਰਹੇ ਸਨ। ਬਾਅਦ ਵਿਚ ਜਦੋਂ ਪਤਾ ਲੱਗਾ ਕਿ ਉਹਨਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰਮਤਿ ਪ੍ਰਚਾਰ ਲਈ ਹੀ ਸਮਰਪਿਤ ਕਰ ਦਿੱਤਾ ਹੈ ਤਾਂ ਹੈਰਾਨੀ ਹੋਈ। ਸੰਤ ਬਾਬਾ ਅਤਰ ਸਿੰਘ ਜੀ ਨਾਲ ਉਹਨਾ ਦੀ ਭਾਵਕ ਸਾਂਝ ਦੀਆਂ ਕਥਾ ਕਹਾਣੀਆਂ ਮੈਨੂੰ ਉਹਨਾਂ ਦੇ ਚਾਚਾ ਜੀ ਸ੍. ਪ੍ਰਹਿਲਾਦ ਸਿੰਘ ਸਾਹਨੀ ਹੋਰਾਂ ਨੇ ਕਈ ਵਾਰ ਸੁਣਾਈਆਂ ਹਨ। ਸੰਤ ਬਾਬਾ ਸੁੱਚਾ ਸਿੰਘ ਜੀ ਦੀ ਪ੍ਰੇਰਨਾ ਸਦਕਾ ਫਿਰ ਉਹ ਗੁਰਮਤਿ ਸੰਗੀਤ ਦੀ ਪੁਨਰ ਸੁਰਜੀਤੀ ਲਈ ਸਮਰਪਿਤ ਹੋ ਗਏ। ਸੰਨ 1983 ਤੋਂ 2●●2 ਤਕ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ ਦਿਨ ਰਾਤ ਗੁਰਮਤਿ ਸੇਵਾਵਾਂ ਨਿਭਾਈਆਂ। ਇਥੇ ਹੀ ਸੰਨ 1991 ਵਿਚ ਅਦੁੱਤੀ ਗੁਰਮਤਿ ਸੰਗੀਤ ਸੰਗੀਤ ਸੰਮੇਲਨਾਂ ਦੀ ਅਰੰਭਤਾ ਹੋਈ ਜਿਸ ਨਾਲ ਪਿੰਡ ਜਵੱਦੀ ਦੁਨੀਆਂ ਦੇ ਨਕਸ਼ੇ 'ਤੇ ਪ੍ਰਸਿੱਧ ਹੋ ਗਿਆ। ਕੀਰਤਨ ਦਰਬਾਰ, ਨਾਮ ਅਭਿਆਸ ਸਮਾਗਮ, ਸੈਮੀਨਾਰ ਅਤੇ ਹੋਰ ਅਨੇਕਾਂ ਸਮਾਗਮਾਂ ਨੂੰ ਉਲੀਕਣ ਵਿਚ ਸੇਵਾ ਨਿਭਾਈ। ਸੰਤ ਬਾਬਾ ਸੁੱਚਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਵੱਲੋਂ ਆਰੰਭ ਕੀਤੇ ਕਾਰਜਾਂ ਨੂੰ ਅੱਗੇ ਤੋਰਨ ਲਈ ਦਿੱਲੀ ਸੰਗਤ ਨਾਲ ਵਿਚਾਰ ਕਰਕੇ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਉਂਡੇਸ਼ਨ ਦੀ ਸਥਾਪਨਾ ਕੀਤੀ। ਇਸ ਅਧੀਨ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦੀ ਸਾਂਭ ਸੰਭਾਲ ਅਤੇ ਇਸ ਦੇ ਪ੍ਰਚਾਰ ਪ੍ਰਸਾਰ ਲਈ ਜਤਨ ਆਰੰਭ ਕੀਤੇ।

ਬੀਬੀ ਜੀ ਨੇ ਅਕਾਦਮਿਕ ਪੱਖ ਤੋਂ ਬੀ.ਐੱਸ ਸੀ (ਮੈਡੀਕਲ), ਗੁਰਮਤਿ ਕਾਲਜ ਤੋ. ਐੱਮ. ਏ. (ਧਰਮ ਅਧਿਐਨ) ਦੀ ਵਿੱਦਿਆ ਪ੍ਰਾਪਤ ਕੀਤੀ ਸੀ। ਆਪ ਨੇ ਅਨੇਕਾਂ ਸੰਸਥਾਵਾਂ ਨੂੰ ਆਨਰੇਰੀ ਸੇਵਾਵਾਂ ਪ੍ਰਦਾਨ ਕੀਤੀਆਂ ਸਨ। ਆਪ ਆਨਰੇਰ ਅਡਵਾਈਜ਼ਰ, ਗੁਰਮਤਿ ਸੰਗੀਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਂਬਰ ਸੈਨੇਟ, ਪੰਜਾਬੀ ਯੂਨੀਵਰਸਿਟੀ, ਫਾਉਂਡਰ, ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ, ਮੈਂਬਰ, ਇਸ਼ਮੀਤ ਸਿੰਘ ਮਿਊਜ਼ਿਕ ਅਕਾਦਮੀ ਆਦਿ।

ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਉਹ ਆਖਰੀ ਦਮ ਤਕ ਕਾਰਜ ਕਰਦੇ ਰਹੇ। ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਨੂੰ ਉਜਾਗਰ ਕਰਨ ਹਿਤ ਉਹ ਕੀਰਤਨ ਦਰਬਾਰ ਉਲੀਕਣ ਵਿਚ ਖਾਸ ਮੁਹਾਰਤ ਰਖਦੇ ਸਨ। ਹੁਣ ਵੀ 8 ਫਰਵਰੀ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਚ ਬਸੰਤ ਗੁਰਮਤਿ ਸੰਗੀਤ ਕੀਰਤਨ ਦਰਬਾਰ ਸੰਪੰਨ ਕਰਵਾਇਆ ਸੀ। ਉਹਨਾਂ ਦੇ ਦੇਹਾਂਤ ਨਾਲ ਗੁਰਮਤਿ ਸੰਗੀਤ ਖੇਤਰ ਵਿਚ ਵੱਡਾ ਘਾਟਾ ਪਿਆ ਹੈ। ਉਹਨਾਂ ਵੱਲੋਂ ਕੀਤੇ ਕਾਰਜਾਂ ਬਾਰੇ ਕਿਹਾ ਜਾ ਸਕਦਾ ਹੈ-

**ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ**

# ਭਾਈ ਘਨਈਆ

## ਚਿਤਰਕਾਰ ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਦੀ ਨਜ਼ਰ ਵਿਚ

### ਜਗਤਾਰਜੀਤ

ਸਿੱਖ ਪੰਥ ਵਿਚ ਸੇਵਾ ਦਾ ਖਾਸ ਮਹੱਤਵ ਹੈ। ਸੇਵਾ ਦਾ ਜ਼ਿਕਰ ਚਲਦਿਆਂ ਹੀ ਭਾਈ ਘਨਈਆ ਦਾ ਨਾਂ ਆਪਣੇ-ਆਪ ਬੁੱਲ੍ਹਾਂ ਉੱਤੇ ਆ ਜਾਦਾ ਹੈ। ਉਹਨਾਂ ਜਿਹੀ ਨਿਰਵੈਰ ਭਾਵ ਸੇਵਾ ਦਾ ਹਵਾਲਾ ਸਿੱਖ ਪੰਥ ਤਾਂ ਕੀ ਜਗ ਵਿਚ ਹੋਰ ਕਿਧਰੇ ਨਹੀਂ ਮਿਲਦਾ।

ਉਹ ਪਹਿਲਾਂ ਗੁਰੂ ਹਰਰਾਇ ਸਾਹਿਬ ਦੇ ਸੰਪਰਕ ਵਿਚ ਆਏ ਤੇ ਆਪਣੇ ਕਰਮ ਕਾਰਨ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਨੇੜੇ ਹੋ ਗਏ। ਉਹਨਾਂ ਨੇ ਖੁਦ ਨੂੰ ਸੇਵਾ ਵਿਚ ਇਸ ਕਦਰ ਸਮਰਪਿਤ ਕੀਤਾ ਕਿ ਸਿੱਖ ਪੰਥ ਵਿਚ ਇਕ ਹੋਰ ਪੰਥ ਦੀ ਨੀਂਹ ਪਈ ਜਿਸ ਨੂੰ ਸਿੱਖ ਸੰਗਤ ਦਰਮਿਆਨ ਸਤਿਕਾਰ ਨਾਲ 'ਸੇਵਾ ਪੰਥੀ' ਕਿਹਾ ਜਾਂਦਾ ਹੈ।

ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਵੱਲੋਂ ਭਾਈ ਘਨਈਆ ਦੇ ਬਣਾਏ ਚਿਤਰਾਂ ਦੇ ਗੁਣ-ਲੱਛਣ ਪਛਾਨਣ ਤੋਂ ਪਹਿਲਾਂ ਉਹਨਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਲਾਹੇਵੰਦ ਰਹੇਗੀ।

ਭਾਈ ਘਨਈਆ ਦਾ ਜਨਮ 1648 ਈ: ਨੂੰ ਸੋਧਰਾ ਕਸਬੇ (ਅੱਜੋਕੇ ਪਾਕਿਸਤਾਨ) ਵਿਚ ਹੋਇਆ। ਇਹ ਕਸਬਾ ਵਜੀਰਾਬਾਦ ਦੇ ਨੇੜੇ ਹੈ। ਪਿਤਾ ਨੱਥੂ ਰਾਮ ਵਪਾਰੀ ਸਨ ਜਿਹਨਾਂ ਦਾ ਕੰਮ ਸ਼ਾਹੀ ਫੌਜ ਨੂੰ ਰਸਦ ਅੱਪੜਦੀ ਕਰਨਾ ਸੀ। ਪੈਸੇ ਦੀ ਕਮੀ ਨਾ ਹੋਣ ਦੇ ਕਾਰਨ ਖੁਸ਼ਹਾਲ ਜੀਵਨ ਨੇ ਸੰਸਾਰੀ ਹੋਣ ਦੀ ਬਜਾਇ ਉਹਨਾਂ ਨੂੰ ਸੇਵਾ, ਤਿਆਗ ਅਤੇ ਪ੍ਰਭੂ ਭਗਤੀ ਵੱਲ ਤੋਰ ਲਿਆ। ਘਰੋਂ ਜੋ ਪੈਸੇ ਮਿਲਦੇ ਉਹ ਸਾਧੂ, ਸੰਤਾਂ ਅਤੇ ਲੋੜਵੰਦਾਂ ਵਿਚ ਵੰਡ ਦਿੱਤੇ ਜਾਂਦੇ। ਜੇ ਕਿਸੇ ਸਾਧੂ ਸੰਤ ਦੀ ਆਮਦ ਦਾ ਪਤਾ ਚਲਦਾ ਤਾਂ ਉਥੇ ਜਾ ਕੇ ਸੇਵਾ ਦਾ ਕੰਮ ਸੰਭਾਲ ਲੈਂਦੇ। ਮਾਤਾ-ਪਿਤਾ ਨੇ ਸਮਝਾਉਣ ਦਾ ਯਤਨ ਕੀਤਾ ਪਰ ਜਦ ਮੋੜਾ ਨਾ ਪਿਆ ਤਾਂ ਉਹਨਾਂ ਘਰ ਵਿਚ ਹੀ ਇਕ ਕਮਰਾ ਬਣਾ ਦਿੱਤਾ। ਲੋੜ ਜਿੰਨੇ ਪੈਸੇ ਮਾਤਾ ਪਿਤਾ ਤੋਂ ਮਿਲਦੇ ਰਹੇ। ਜਦ ਭਾਈ ਘਨਈਆ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਪਹੁੰਚੇ ਤਾਂ ਸੰਗਤ ਸੇਵਾ ਕਰਨ ਲੱਗੇ। ਉਪਰਾਂਤ ਉਹਨਾਂ ਲੰਗਰ ਅਤੇ ਘੋੜਿਆਂ ਦੀ ਦੇਖਭਾਲ ਆਪਣੇ ਜਿੰਮੇ ਲੈ ਲਈ। ਗੁਰੂ ਜੀ ਭਾਈ ਘਨਈਆ ਦੀ ਸੇਵਾ ਤੋਂ ਪ੍ਰਸੰਨ ਹੋਏ ਤੇ ਕਿਹਾ, "ਤੁਸੀਂ ਕਿਸੇ ਹੋਰ ਥਾਂ ਜਾ ਕੇ ਆਪਣੀ ਸੇਵਾ ਜਾਰੀ ਰੱਖੋ।"

ਆਪਣੇ ਕਸਬੇ ਵੱਲ ਪਰਤਦਿਆਂ ਅਟਕ ਦੇ ਕੋਲ ਇਕ ਜਗ੍ਹਾ 'ਤੇ ਪਿਆਸ ਲੱਗਣ ਕਾਰਨ ਰੁਕਣਾ ਪਿਆ। ਜਿਸ ਕੋਲੋਂ ਪਾਣੀ ਮੰਗਿਆ ਉਸ ਦੱਸਿਆ ਕਿ ਇਥੇ ਪਾਣੀ ਦੀ ਕਿੱਲਤ ਹੈ। ਪੀਣ ਲਈ ਪਾਣੀ ਨਾ ਦਿੱਤਾ। ਆਪਣੀ ਪਿਆਸ ਕਿਸੇ ਤਰ੍ਹਾਂ ਬੁਝਾ ਉਹਨਾਂ ਇਥੇ ਹੀ ਟਿਕਣ ਦਾ ਮਨ ਬਣਾ ਲਿਆ। ਥੋੜ੍ਹੀ ਵਿੱਥ 'ਤੇ ਵਗਦੀ ਨਦੀ 'ਚੋਂ ਘੜਾ ਭਰ ਲਿਆਉਂਦੇ। ਜਦ ਪਾਣੀ ਖਤਮ ਹੋ ਜਾਂਦਾ ਤਾਂ ਮੁੜ ਨਦੀ ਵੱਲ ਤੁਰ ਪੈਂਦੇ। ਉਹਨਾਂ ਵੱਲੋਂ ਆਰੰਭੀ ਸੇਵਾ ਦੀ ਕੀਰਤੀ ਇੱਧਰ-ਉੱਧਰ ਫੈਲਣ ਲੱਗੀ। ਆਪਣੇ ਤਿੰਨ-ਚਾਰ ਸਾਲ ਦੇ ਪੜਾਅ ਦੇ ਦੌਰਾਨ ਉਹਨਾਂ ਉਥੇ ਖੂਹ ਵੀ ਪੁਟਵਾਏ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਗੁਰੂ ਗੋਬਿੰਦ ਰਾਇ ਗੁਰਗੱਦੀ ਉੱਪਰ ਬੈਠੇ। ਸੰਨ 1678 ਵਿਚ ਭਾਈ ਘਨਈਆ ਦਸਮ ਗੁਰ ਪਾਸ ਆਨੰਦਪੁਰ ਆ ਗਏ। ਗਲ਼ ਵਿਚ ਮਸ਼ਕ ਜਾਂ ਸਿਰ ਉੱਪਰ ਘੜਾ, ਉਹਨਾਂ ਦੀ ਸੇਵਾ ਦੀ ਨਿਸ਼ਾਨੀ ਬਣ ਗਿਆ ਸੀ।ਜਦ ਸਮਾਂ ਬਦਲਿਆ ਤਾਂ ਆਨੰਦਪੁਰ ਦੀ ਧਰਤੀ ਜੰਗ ਦੇ ਮੈਦਾਨ ਵਿਚ ਤਬਦੀਲ ਹੋ ਗਈ। ਇਕ ਪਾਸੇ ਸ਼ਾਸਤਰਾਂ ਦੇ ਆਪਸ ਵਿਚ ਟਕਰਾਉਣ ਦੀਆਂ ਆਵਾਜ਼ਾਂ ਤੇ ਬਾਰੂਦ ਦੀ ਬੋਅ। ਦੂਸਰੇ ਪਾਸੇ ਮਸ਼ਕ ਵਿਚੋਂ ਕਲ-ਕਲ ਦੀ ਆਵਾਜ਼ ਨਾਲ ਨਿਕਲਦਾ ਪਾਣੀ ਜਿਹੜਾ ਜ਼ਖਮੀ ਸਿਪਾਹੀਆਂ ਦੀ ਪਿਆਸ ਬੁਝਾ ਰਿਹਾ ਸੀ। ਬਿਨਾਂ ਭੇਦ ਕੀਤਿਆਂ ਪਾਣੀ ਦੀ ਕੀਤੀ ਜਾ ਰਹੀ ਸੇਵਾ ਵਾਲਾ ਵਿਚਾਰ ਗੁਰਸਿੱਖਾਂ ਨੂੰ ਪਸੰਦ ਨਾ ਆਇਆ। ਗੁਰੂ ਜੀ ਨੇ ਜਦ ਇਸ ਬਾਬਤ ਭਾਈ ਘਨਈਆ ਤੋਂ ਪੁੱਛ ਕੀਤੀ ਤਾਂ

ਉਹਨਾਂ ਦੇ ਸ਼ਬਦ ਕਹੇ ਮਹੱਤਵਪੂਰਨ ਹਨ, "ਮਹਾਰਾਜ, ਮੈਨੂੰ ਮੈਦਾਨੇ ਜੰਗ ਵਿਚ ਕੋਈ ਹਿੰਦੂ,ਸਿੱਖ, ਮੁਸਲਮਾਨ ਨਹੀਂ ਦਿਸ ਰਿਹਾ। ਮੈਨੂੰ ਸਭ ਵਿਚੋਂ ਤੁਸੀਂ ਹੀ ਦਿਸ ਰਹੇ ਹੋ। ਮੈਂ ਤਾਂ ਤੁਹਾਨੂੰ ਪਾਣੀ ਪਿਲਾ ਰਿਹਾ ਹਾਂ।"

ਸੇਵਾ ਵਿਚ ਰਮੇ ਸਿੱਖ ਦੇ ਬਚਨ ਸੁਣ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਭਾਈ ਘਨਈਆ ਨੂੰ ਮਰਹਮ ਬਖਸ਼ੀ ਤੇ ਕਿਹਾ ਕਿ ਤੁਸੀਂ ਜ਼ਖਮੀਆਂ ਨੂੰ ਪਾਣੀ ਪਿਲਾਣ ਦੇ ਨਾਲ ਨਾਲ ਉਹਨਾਂ ਦੇ ਜ਼ਖਮਾਂ ਉੱਪਰ ਮਰਹਮ ਵੀ ਲਗਾਇਆ ਕਰੋ। ਸਿੱਖ ਦੇ ਵਿਚਾਰ ਨੂੰ ਗੁਰੂ ਜੀ ਦੀ ਸਹਿਮਤੀ ਅਤੇ ਹਮਾਇਤ ਮਿਲਣ ਦੇ ਉੱਪਰੰਤ ਅਣਉਚਰਿਆ ਨੇਮ ਬਣ ਗਿਆ ਕਿ ਗੁਰਸਿੱਖਾਂ ਦਾ ਜੀਵਨ ਇਸੇ ਲੀਹ ਉੱਪਰ ਚੱਲੇ।

ਸੇਵਾ ਪੰਥੀ ਸੰਪ੍ਰਦਾਇ ਦਾ ਪ੍ਰਮੁੱਖ ਡੇਰਾ ਗੁਨਿਆਣਾ ਮੰਡੀ (ਬਠਿੰਡਾ) ਵਿਖੇ ਸਥਿਤ ਹੈ।ਭਾਈ ਘਨਈਆ ਦੀ ਜੀਵਨ ਸ਼ੈਲੀ ਨੇ ਵਿਚਾਰ ਅਤੇ ਕਰਮ ਦੇ ਪੱਧਰ 'ਤੇ ਜਨਸਾਧਾਰਣ ਦੇ ਇਲਾਵਾ ਲੇਖਕਾਂ ਅਤੇ ਕਈ ਚਿਤਰਕਾਰਾਂ ਨੂੰ ਆਪਣੇ ਵੱਲ ਖਿੱਚਿਆ ਹੈ। ਚਿੱਤਰਕਾਰਾਂ 'ਚੋਂ ਸੋਭਾ ਸਿੰਘ ਨੇ ਭਾਈ ਘਨਈਆ ਦੀਆਂ ਇਕ ਤੋਂ ਵੱਧ ਪੇਂਟਿੰਗਾਂ ਬਣਾਈਆ ਹਨ। ਇਹਨਾਂ ਵਿਚਲੇ ਰੂਪ ਭੇਦ ਜ਼ਿਆਦਾ ਨਹੀਂ ਸਭ ਚਿਤਰਾਂ ਦਾ ਸਰੋਤ ਉਪਰੋਕਤ ਕਥਾ ਹੈ।

ਸੋਭਾ ਸਿੰਘ ਨੇ ਪਹਿਲਾ ਚਿਤਰ 1960 ਵਿਚ ਸੇਵਾ ਪੰਥ ਦੇ ਤਤਕਾਲੀ ਮੁਖੀ ਦੇ ਕਹੇ ਸਦਕਾ ਤਿਆਰ ਕੀਤਾ। ਉਹ ਚਿਤਰ ਉਸ ਡੇਰੇ ਵਿਚ ਅੱਜ ਵੀ ਸੁਸ਼ੋਭਿਤ ਹੈ। ਸਿੱਖ ਇਤਿਹਾਸ ਨੂੰ ਚਿਤਰਨ ਵਾਲੇ ਦੂਜੇ ਚਿਤੇਰੇ ਕ੍ਰਿਪਾਲ ਸਿੰਘ ਵੀ ਹਨ। ਉਹਨਾਂ ਨੇ ਵੀ ਤਨਦੇਹੀ ਨਾਲ ਗੁਰੂਆਂ ਪੀਰਾਂ ਅਤੇ ਯੋਧਿਆਂ ਦੇ ਚਿਤਰ ਪੇਂਟ ਕੀਤੇ ਹਨ। ਇਹਨਾਂ ਸਭ ਕਿਰਤਾਂ ਦਾ ਸੁਭਾਅ ਵੱਖਰਾ ਹੈ। ਕ੍ਰਿਪਾਲ ਸਿੰਘ ਨੇ ਵੀ ਭਾਈ ਘਨਈਆ ਦਾ ਰੂਪ ਚਿਤਰਿਆ ਹੈ। ਦੋਹਾਂ ਚਿਤਰਕਾਰਾਂ ਨੇ ਇਕੋ ਵਿਅਕਤੀਤਵ ਨੂੰ ਵੱਖਰੀ ਤਰ੍ਹਾਂ ਪੇਸ਼ ਕੀਤਾ ਹੈ। ਸੋਭਾ ਸਿੰਘ ਦੀ ਭਾਈ ਘਨਈਆ ਵਾਲੀ ਤਸਵੀਰ ਦੇਖ ਪ੍ਰਤੀਤ ਹੁੰਦਾ ਹੈ ਚਿਤਰਕਾਰ ਆਪਣੇ ਢੰਗ ਨਾਲ ਭਾਈ ਘਨਈਆ ਸਾਹਿਬ ਨੂੰ ਚਿਤਵ ਕੇ ਸਮੂਰਤ ਕਰ ਰਹੇ ਹਨ। ਚਿਤਰ ਖੜ੍ਹੇ ਰੁੱਖ ਹਨ। ਵੇਰਵੇ ਅਨੁਸਾਰ ਇਹ ਥਾਂ ਮੈਦਾਨੇ ਜੰਗ ਵਿਚ ਹੋਣੀ ਚਾਹੀਦੀ ਹੈ। ਪੈਰੋਂ ਨੰਗੇ ਭਾਈ ਘਨਈਆ ਦੀ ਪਿੱਠ ਪਿੱਛੇ ਮਸ਼ਕ ਸੁਸ਼ੋਭਿਕ ਹੈ ਅਤੇ ਮੋਢੇ 'ਤੇ ਥੈਲਾ (ਸੰਭਵ ਹੈ ਕਿ ਇਸ ਵਿਚ ਗੁਰੂ ਜੀ ਵੱਲੋਂ ਦਿੱਤੀ ਮਰਹਮ ਪੱਟੀ ਹੈ) ਲਟਕਿਆ ਹੋਇਆ ਹੈ।ਇਹ ਦੋਵੇਂ ਵਸਤਾਂ ਉਹਨਾਂ ਦੇ ਸ਼ਸ਼ਤਰ ਅਤੇ ਸ਼ਾਸਤਰ ਹਨ। ਸੋਭਾ ਸਿੰਘ ਦੀ ਪੇਂਟਿੰਗ ਤੋਂ ਸੂਹ ਮਿਲਦੀ ਹੈ ਕਿ ਇਹ ਦ੍ਰਿਸ਼ ਉਹ ਵੇਲੇ ਦਾ ਹੈ ਜਦ ਇਧਰ ਦੀ ਗੱਲ ਓਧਰ ਕਰਨ ਵਾਲੇ ਦਸਮ ਗੁਰੂ ਨੂੰ ਜਾ ਦੱਸਦੇ ਹਨ ਕਿ ਮੈਦਾਨ ਵਿਚ ਪਾਣੀ ਦੀ ਸੇਵਾ ਕਰ ਰਹੇ ਭਾਈ ਘਨਈਆ ਆਪਣੇ ਅਤੇ ਦੁਸ਼ਮਣ ਵਿਚਾਲੇ ਫਰਕ ਨਹੀਂ ਪਾ ਰਹੇ।ਉਹ ਸਿੱਖਾਂ (ਆਪਣਿਆਂ) ਤੇ ਮੁਗਲਾਂ ਪਰਾਇਆਂ ਨੂੰ ਸਮ ਕਰ ਜਾਣ ਰਹੇ ਹਨ।

ਵਿਚਾਰ ਅਤੇ ਕਰਮ ਦਾ ਵਿਸਥਾਰ ਇਹ ਹੈ ਕਿ ਗੁਰੂ ਜੀ ਆਪਣੇ ਸਿੱਖ ਨੂੰ ਇੰਝ ਕਰਨ ਤੋਂ ਰੋਕਦੇ ਨਹੀਂ। ਮਰਹਮ ਪੱਟੀ ਦਾ ਥੈਲਾ ਖੱਬਿਉਂ ਸੱਜੇ ਵੱਲੋ। ਚਿਤਰਕਾਰ ਵੱਲੋਂ ਅਪਣਾਈ ਇਹ ਜੁਗਤ ਸਾਡਾ ਧਿਆਨ ਗੁਰੂ ਹਰਗੋਬਿੰਦ ਵੱਲੋਂ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਕ੍ਰਿਪਾਨਾਂ ਵੱਲ ਲੈ ਜਾਂਦੀ ਹੈ। ਜੇ ਕ੍ਰਿਪਾਨ ਸ਼ਾਸ਼ਤਰ ਹੋਣ ਨਾਲ ਮਜ਼ਲੂਮ ਦੀ ਰੱਖਿਅਕ ਵੀ ਹੈ ਤਾਂ ਉਸਦਾ ਪ੍ਰਤੀਰੂਪਕ ਬਦਲ ਹੈ। ਦੋਹਾਂ ਰੀਤਾਂ ਦਾ ਚਲਨ ਗੁਰੂ ਘਰੋਂ ਹੋਇਆ ਹੈ। ਸਾਧਾਰਨ ਜਨ, ਲੇਖਕ, ਚਿਤਰਕਾਰ ਆਪੋ-ਆਪਣੇ ਤਰੀਕੇ ਨਾਲ ਵਾਪਰ ਚੁੱਕੀਆਂ ਘਟਨਾਵਾਂ ਨੂੰ ਦ੍ਰਿੜਾਉਂਦੇ ਰਹਿੰਦੇ ਹਨ। ਇਹ ਛਬ ਜੋ ਚਿਤਰਕਾਰ ਨੇ ਤਿਆਰ ਕੀਤੀ ਹੈ ਇਸੇ ਦੀ ਉਦਾਹਰਣ ਹੈ।

ਇਸ ਪੇਂਟਿੰਗ ਵਿਚ ਭਾਈ ਘਨਈਆ ਦਾ ਲਿਬਾਸ ਸਫੈਦ ਹੈ। ਸਿਰ ਬੱਝੀ ਸਫੈਦ ਪੱਗ ਬੰਨਣ ਦੀ ਵਿਧੀ ਥੋੜ੍ਹੀ-ਥੋੜ੍ਹੀ ਮੁਗਲਾਂ ਦੀ ਲਗਦੀ ਹੈ। ਉਸਦੇ ਬਾਅਦ ਸ਼ਾਂਤ ਚਿਤ ਚਿਹਰਾ ਦਿਖਾਈ ਦਿੰਦਾ ਹੈ, ਉਸਦੀਆਂ ਅੱਖਾਂ ਵਿਚ ਖੁਮਾਰੀ ਹੈ। ਕਮਰਕੱਸਾ ਪੀਲੇ ਰੰਗ ਦਾ ਹੈ। ਇਦਾਂ ਇਹ ਕਿਰਦਾਰ ਸਾਦਗੀ ਵੱਲਾ ਹੈ। ਪਿਛੋਕੜ ਵੀ ਸਾਧਾਰਣ ਹੈ, ਚਟਕੀਲੇ ਰੰਗਾਂ ਤੋਂ ਪਰਹੇਜ਼ ਕੀਤਾ ਹੋਇਆ ਹੈ।

ਮਸ਼ਕ ਵਿਚੋਂ ਨਿਕਲਦਾ ਪਾਣੀ ਪੀਣ ਵਾਲੇ ਦੀ ਬੁੱਕ ਵਿਚ ਨਿਰੰਤਰ ਪੈ ਰਿਹਾ ਹੈ। ਭਾਵੇਂ ਕਿ ਪੀਣ ਵਾਲੇ ਦਾ ਸਰੂਪ ਵਧੇਰੇ ਸਪਸ਼ਟ ਨਹੀਂ।

ਸੋਭਾ ਸਿੰਘ ਦੇ ਸਮਕਾਲੀ ਚਿਤਰਕਾਰਾਂ ਵਿਚੋਂ ਕ੍ਰਿਪਾਲ ਸਿੰਘ ਵੀ ਰਹੇ ਹਨ ਜਿਹਨਾਂ ਨੇ ਗੁਰੂਆਂ, ਸਿੱਖ ਯੋਧਿਆਂ, ਸਿੱਖਾਂ ਦੀਆਂ ਮੁਗਲਾਂ ਨਾਲ ਹੋਈਆਂ ਲੜਾਈਆਂ ਦੇ ਪਾਏਦਾਰ ਦ੍ਰਿਸ਼ ਚਿਤਰਿਤ ਕੀਤੇ ਹਨ।

ਦੋ ਸਮਕਾਲੀ ਚਿਤੇਰਿਆਂ ਵੱਲੋਂ ਇਕੋ ਵਿਸ਼ੇ ਦਾ

ਨਿਭਾਅ ਕਰਦੇ ਚਿਤਰਾਂ ਨੂੰ ਚਿਤਾਰਨ ਦਾ ਅਰਥ ਕਿਸੇ ਨੂੰ ਛੁਟਿਆਇਆ ਜਾਣਾ ਨਹੀਂ ਬਲਕਿ ਇਹਨਾਂ ਦੇ ਮੂਲ ਗੁਣ-ਲੱਛਣਾਂ ਤੱਕ ਇਸੇ ਤਰ੍ਹਾਂ ਪਹੁੰਚਾਇਆ ਜਾ ਸਕਦਾ ਹੈ।

ਦੋ ਸਮਕਾਲੀ ਇਕ ਵਿਸ਼ੇ ਨੂੰ ਕਿਵੇਂ ਦੇਖਦੇ-ਵਿਚਾਰਦੇ ਹਨ ਜਾਂ ਘਟਨਾਂ ਦੇ ਸੰਦਰਭਾਂ ਨੂੰ ਕਿਵੇਂ ਪ੍ਰਗਟਾਉਂਦੇ ਲੁਕਾਉਂਦੇ ਹਨ ਆਦਿ ਇਸੇ ਤਰੀਕੇ ਨਾਲ ਜਾਣੇ ਜਾ ਸਕਦੇ ਹਨ। ਦੋਹਾਂ ਦੀ ਸਿੱਖ ਧਰਮ, ਗੁਰੂਆਂ ਪ੍ਰਤੀ ਅਥਾਹ ਸ਼ਰਧਾ ਹੈ। ਇਸ ਦੇ ਬਾਵਜੂਦ ਚਿਤਰ ਤਿਆਰ ਕਰਦੇ ਸਮੇਂ, ਇਕ ਦਾ ਵਿਚਾਰ ਦੂਜੇ ਨਾਲ ਮੇਲ ਨਹੀਂ ਖਾਂਦਾ। ਦੋਹਾਂ ਕਿਰਤਾਂ ਵਿਚ ਵਖਰੇਵਾਂ ਇਕ ਨੂੰ ਆਦਰਸ਼ ਵੱਲ ਲੈ ਜਾਂਦਾ ਹੈ ਜਦਕਿ ਦੂਸਰੇ ਨੂੰ ਯਥਾਰਥ ਵੱਲ।

ਸਭ ਤੋਂ ਪਹਿਲਾਂ ਧਿਆਨ ਪੇਂਟਿੰਗ ਫੋਰਮ ਵੱਲ ਜਾਂਦਾ ਹੈ। ਸੋਭਾ ਸਿੰਘ ਵੱਲੋਂ ਖੜੇ ਰੁਖ ਵਰਤੇ ਕੈਨਵਸ ਦੀ ਸਾਰੀ ਸਪੇਸ ਭਾਈ ਘਨਈਆ ਨੇ ਘੇਰੀ ਹੋਈ ਹੈ। ਕੋਈ ਹੋਰ ਤੱਤ ਹੈ ਹੀ ਨਹੀਂ। ਜੇ ਕੁਝ ਹਨ ਤਾਂ ਉਹ ਮੱਧਮ ਹਨ।

ਕ੍ਰਿਪਾਲ ਸਿੰਘ ਦਾ ਕੈਨਵਸ ਪਏ ਰੁਖ ਹੈ ਜਿਸਦੇ ਸੱਜੇ ਪਾਸੇ ਵੱਲ ਭਾਈ ਘਨਈਆ ਹਨ ਤਾਂ ਉਹਨਾਂ ਦੇ ਉਥੇ ਹੋਣ ਦੇ ਸੰਦਰਭ ਵੀ ਮੌਜੂਦ ਹਨ। ਘਾਇਲ ਮੁਗਲ ਸਿਪਾਹੀ ਨੂੰ ਪਾਣੀ ਪਿਲਾਇਆ ਜਾ ਰਿਹਾ ਹੈ। ਥੋੜ੍ਹ ਹਟ ਕੇ ਪਾਣੀ ਉਡੀਕਦੇ ਸਿੱਖ ਸਿਪਾਹੀ ਦੀ ਨਜ਼ਰ ਵੀ ਉਧਰ ਟਿਕੀ ਹੋਈ ਹੈ। ਉਸਦੀਆਂ ਅੱਖਾਂ ਵਿਚ ਦੁਸ਼ਮਣ ਵਾਸਤੇ ਕ੍ਰੋਧ ਅਤੇ ਘ੍ਰਿਣਾ ਹੈ। ਨੇੜੇ ਹੀ ਤੋਪ ਦੇ ਇਲਾਵਾ ਆਪਣੇ ਹੱਥ ਫੜੇ ਨੇਜੇ ਨਾਲ ਦੁਸ਼ਮਣ ਨੂੰ ਵਿੰਨ ਰਿਹਾ ਹੈ। ਹੋਰ ਕਾਫੀ ਕੁਝ ਜਿਹੜਾ ਭਾਵੇਂ ਸਪਸ਼ਟ ਦਿਖਾਈ ਨਹੀਂ ਦੇ ਰਿਹਾ। ਪਰ ਸਹਿਜੇ ਗਿਆਨ ਹੋ ਜਾਂਦਾ ਹੈ ਕਿ ਇਹ ਦ੍ਰਿਸ਼ ਮੈਦਾਨੇ ਜੰਗ ਦਾ ਹੈ।

ਇਥੇ ਹੀ ਦੂਰ ਪਿਛੋਕੜ ਵਿਚ ਹਲਕਾ ਧੁੰਦਲਾ ਕਿਲਾ ਹੈ। ਅਨੁਮਾਨ ਲਗਾ ਸਕਦੇ ਹਾਂ ਕਿ ਆਨੰਦਪੁਰ ਦਾ ਕਿਲਾ ਹੈ ਕਿਉਂਕਿ ਸਿੱਖਾਂ ਅਤੇ ਮੁਗਲਾਂ ਵਿਚਕਾਰ ਲੜਾਈ ਇਸੇ ਥਾਂ ਹੋਈ ਸੀ।

ਸੋਭਾ ਸਿੰਘ ਦੀ ਪੇਂਟਿੰਗ ਇਹ ਨਹੀਂ ਦੱਸਦੀ ਕਿ ਚਿਤਰਿਤ ਥਾਂ ਲੜਾਈ ਦਾ ਮੈਦਾਨ ਹੈ। ਏਦਾਂ ਦਾ ਕੋਈ ਸੰਕੇਤਕ ਵੇਰਵਾ ਨਹੀਂ। ਰਚਨਾ ਵਿਚ ਕਿਸੇ ਤਰ੍ਹਾਂਦੀ ਪਹਿਲ-ਦੂਜ ਨਹੀਂ, ਸਿਰਫ ਤੇ ਸਿਰਫ ਭਾਈ ਘਨਈਆ ਹੀ ਦਿਸਦੇ ਹਨ। ਉਹਨਾਂ ਦੀ ਪਿੱਠ ਪਿੱਛੇ ਟਿਕੀ ਮਸ਼ਕ ਦੇ ਮੂੰਹੋਂ ਨਿਕਲਦਾ ਨਿਰੰਤਰ ਪਾਣੀ ਜਖਮੀ ਸਿਪਾਹੀ ਨਹੀਂ ਬਲਕਿ ਕਿਸੇ ਵਿਅਕਤੀ ਦੀ ਬੁੱਕ ਵਿਚ ਪੈ ਰਿਹਾ ਹੈ।

ਫਰੇਮ ਦਾ ਆਕਾਰ ਜੋ ਕੰਮ ਕਰ ਰਿਹਾ ਹੈ, ਪਛਾਣਨਯੋਗ ਹੈ, ਪ੍ਰਸੰਸਾਯੋਗ ਵੀ ਪਰ ਪਾਣੀ ਕਿਸਦੇ ਮੂੰਹ ਵਿਚ ਪੈ ਰਿਹਾ ਹੈ ਉਹ ਵਿਅਕਤੀ ਨਹੀਂ ਗਲੋਬ ਹੈ ਜਿਸਦੀ ਬਾਹਰੀ ਪਰਤ ਵਧਾ ਕੇ ਵਿਅਕਤੀ ਦਾ ਅਸਪਸ਼ਟ ਪ੍ਰੋਫਾਈਲ ਬਣਾ ਦਿੱਤਾ ਗਿਆ ਹੈ। ਹੱਥ ਵੀ ਉਸੇ ਤਰ੍ਹਾਂ ਦੇ ਹਨ। ਭਾਈ ਘਨਈਆ ਜਿਸਨੂੰ ਪਾਣੀ ਪਿਲਾ ਰਹੇ ਹਨ ਉਹ ਵਿਅਕਤੀ ਨਹੀਂ ਸੰਸਾਰ ਹੈ।

ਸੋਭਾ ਸਿੰਘ ਨੇ ਧੁੰਦਲਕਾ ਨਾਲ ਉਹਦੇ ਕੋਲੋਂ ਉਹਦਾ ਪਛਾਣ ਚਿੰਨ੍ਹ ਧਰਮ ਵਰਗ ਖੋਹ ਲਿਆ ਹੈ। ਸੰਸਾਰ ਕਿਉਂਕਿ ਵਿਅਕਤੀ ਸਮੂਹ ਨਾਲ ਬਣਦਾ ਹੈ, ਸੰਭਵ ਹੈ ਇਸੇ ਲਈ ਉਸਦਾ ਚਿਹਰਾ ਭਾਈ ਘਨਈਆ ਦੇ ਚਿਹਰੇ ਤੋਂ ਅਨੁਪਾਤ ਵਿਚ ਵੱਡਾ ਹੈ। ਜਾਹਰ ਹੈ ਕਿ ਚਿਹਰੇ ਦੀ ਪਿਆਸ ਵੱਡੀ ਹੀ ਹੋਵੇਗੀ।

ਬੁੱਕ ਨਾਲ ਪਾਣੀ ਪੀ ਰਹੇ ਅਸਪਸ਼ਟ ਰੂਪ ਵਾਸਤੇ ਪੇਂਟਰ ਨੇ ਤੇਜ ਰੰਗਾਂ ਤੋਂ ਪਰਹੇਜ਼ ਕੀਤਾ ਹੈ। ਪਾਣੀ ਪੀ ਰਹੀ ਆਕ੍ਰਿਤੀ ਪੀ ਰਹ ਵਾਂਗ ਟਿਕੀ ਹੋਈ ਹੈ ਦ੍ਰਿੜ, ਉੱਜਲ ਨਹੀਂ, ਪਰ ਜਖਮੀ ਵੀ ਨਹੀਂ। ਇਹ ਨੁਕਤਾ ਸੋਭਾ ਸਿੰਘ ਦੇ ਵਿਚਾਰ ਦਾ ਹੀ ਵਿਸਥਾਰ ਹੈ ਉਹ ਕਿਹਾ ਕਰਦੇ ਸਨ ਕਿ ਮੈਂ ਆਪਣੀ ਪੇਂਟਿੰਗ ਵਿਚ ਕਿਸੇ ਤਰ੍ਹਾਂ ਦੀ ਹਿੰਸਾ ਨੂੰ ਪੇਂਟ ਕਰਨ ਦੇ ਪੱਖ ਵਿਚ ਨਹੀਂ ਇਸੇ ਤਰ੍ਹਾਂ ਉਹਨਾਂ ਲੜਾਈ ਦੇ ਮੈਦਾਨ ਵਿਚ ਜ਼ਖਮੀ ਸਿੱਖ ਅਤੇ ਮੁਗਲ ਸਿਪਾਹੀਆਂ ਦੇ ਦਰਮਿਆਨ ਵਿਚਰ ਰਹੇ ਭਾਈ ਘਨਈਆਂ ਨੂੰ ਉਥੋਂ ਬਾਹਰ ਕੱਢ ਲਿਆ। ਇਸ ਜ਼ਮੀਨ ਉੱਪਰ ਭਾਈ ਘਨਈਆ ਖੜ੍ਹੇ ਹਨ ਉਹ ਸਿਪਾਹੀ ਵਿਹੂਣੀ ਹੈ, ਪਰ ਸਮਤਲ-ਸਪਾਟ ਨਹੀਂ। ਚਿਤਰਕਾਰ ਨੇ ਆਪਣੇ ਅੰਦਾਜ਼ ਵਿਚ ਸਤਹ ਦੀ ਹਲਚਲ ਦਿਖਾਈ ਹੈ।

ਚਿਤਰ ਤੋਂ ਪਤਾ ਲਗਦਾ ਹੈ ਕਿ ਵੇਲਾ ਸ਼ਾਮ ਦਾ ਹੈ ਹਲਕੇ ਸੂਹੇ ਰੰਗ ਦਾ ਵੱਡਾ ਸੂਰਜ ਪੱਛਮ ਦਿਸ਼ਾ ਵਿਚ ਡੁੱਬਣ ਨੂੰ ਹੈ ਜਿਹੜਾ ਭਾਈ ਘਨਹੀਆ ਪਿੱਠ ਅਤੇ ਸਿਰ ਦਰਮਿਆਨ ਹੈ। ਚਿਤਰ ਕਿਸੇ ਤਰ੍ਹਾਂ ਵੀ ਧੁੱਪ-ਛਾਂ ਦੀ ਨਿਸ਼ਾਨੀ ਨਹੀਂ ਦੇਂਦਾ। ਆਮ ਤੌਰ 'ਤੇ ਸੋਭਾ ਨੇ ਧੁੱਪ-ਛਾਂ ਨੂੰ ਆਪਣੇ ਕੰਮ ਵਿਚ ਬਾਖੂਬੀ ਵਰਤਿਆ ਹੈ।

ਦੂਜੀ ਤਰਫ ਕ੍ਰਿਪਾਲ ਸਿੰਘ ਦਾ ਉਲੀਕਿਆ ਕਿਰਦਾਰ ਸੱਚੀਂ ਜੰਗ ਦੇ ਮੈਦਾਨ ਵਿਚ ਜ਼ਖਮੀ ਸਿਪਾਹੀਆਂ ਨਾਲ ਬਿਖਰਿਆ ਹੋਇਆ ਹੈ। ਨਾ ਤਾਂ ਚਿਤਰਕਾਰ ਵੱਢ ਟੁੱਕ ਖੂਨ ਖਰਾਬੇ ਨੂੰ ਚਿਤਰਣ ਤੋਂ ਘਬਰਾ ਰਿਹਾ ਹੈ ਅਤੇ

ਭਾਈ ਘਨਈਆ ਜੋ ਖਿੱਲਰੀ ਲਹੂ-ਮਿਝ ਅਤੇ ਚੀਖ ਪੁਕਾਰ ਨੂੰ ਸੁਣਦਿਆਂ ਇਕ ਮਨ ਇਕ ਚਿਤ ਨਾਲ ਆਪਣੇ ਰਾਹ 'ਤੇ ਚੱਲ ਰਿਹਾ ਹੈ। ਮਾਰ-ਕੱਟ ਹੋ ਚੁੱਕੀ ਨਹੀਂ ਬਲਕਿ ਉਸਦੇ ਸਾਹਮਣੇ ਰਹੋ ਰਹੀ ਹੈ। ਇਥੋਂ ਪਤਾ ਚਲਦਾ ਹੈ ਕਿ ਚਿਤਰ ਦ੍ਰਿਸ਼ ਸਮਾਂ ਦੁਪਹਿਰ ਦੇ ਆਸ-ਪਾਸ ਦਾ ਹੈ। ਸਮਾਂ, ਲੜਾਈ ਅਤੇ ਸੇਵਾ ਸਿਖਰ ਦੀ ਹੈ, ਅਨੁਮਾਨਿਆ ਜਾ ਸਕਦਾ ਹੈ।

ਕ੍ਰਿਪਾਲ ਸਿੰਘ ਦਾ ਚਿਤਰ ਸਥਿਰ ਨਹੀਂ ਲਗਦਾ। ਰੰਗਾਂ ਦੀ ਭਿੰਨਤਾ ਉਸ ਦੇ ਇਕਰਸ ਨੂੰ ਤੋੜਦੀ ਹੈ। ਸਪੇਸ ਦਾ ਅਹਿਸਾਸ ਭਰਨ ਦਾ ਯਤਨ ਵੀ ਪ੍ਰਭਾਵਸ਼ਾਲੀ ਹੈ।

ਦਿਲਚਸਪ ਹੈ ਕਿ ਲੜਾਈ ਦੇ ਮੈਦਾਨ ਵਿਚ ਸੇਵਾ ਕਰ ਰਹੇ ਵਿਅਕਤੀ ਨੂੰ ਵੈਰ ਜਾਂ ਖੁਣਸ ਖਾ ਮਾਰਨ ਵਾਲਾ ਕੋਈ ਨਹੀਂ। ਕੀ ਉਹਦਾ ਵਿਚਾਰ ਤਪਿਆਂ ਨੂੰ ਠਾਰ ਰਿਹਾ ਹੈ? ਜੇ ਜਵਾਬ ਹਾਂ ਵਿਚ ਹੈ ਤਾਂ ਮੰਨਿਆ ਜਾ ਸਕਦਾ ਹੈ ਕਿ ਵਿਅਕਤੀ ਨਾਲੋਂ ਵਿਆਰ (ਕਰਮ) ਜ਼ਿਆਦਾ ਮਹੱਤਵਪੂਰਨ ਹੈ।

ਹਰ ਜ਼ਖਮੀ ਸਿਪਾਹੀ ਨੂੰ ਉਸ ਪਾਸੋਂ ਆਸ ਹੈ। ਹਰ ਲੜਦੇ ਨੂੰ ਉਹ ਆਪਣਾ ਲਗਦਾ ਹੈ, ਵਿਸ਼ੇਸ਼ ਕਰਕੇ ਜ਼ਖਮੀਆਂ ਨੂੰ। ਕ੍ਰਿਪਾਲ ਸਿੰਘ ਦਾ ਪਾਤਰ ਸੂਰਬੀਰ ਹੈ, ਆਪਣੀ ਤਰ੍ਹਾਂ ਜੋ ਜੀਵਨ ਲੈ ਨਹੀਂ ਰਿਹਾ ਬਲਕਿ ਜੀਵਨ ਪ੍ਰਤੀ ਅਸਤ ਹੋ ਰਹੀ ਆਸ ਨੂੰ ਸੁਰਜੀਤ ਕਰਨ ਦਾ ਯਤਨ ਕਰ ਰਹੇ ਹਨ। ਇਸ ਕਰਕੇ ਉਹ ਵਿਲੱਖਣ ਅਤੇ ਅਨੇਕਾਂ ਵਿਚੋਂ 'ਮਰਦ ਅਗਮੜਾ' ਹੈ।

ਸ਼ੋਭਾ ਸਿੰਘ ਦੀ ਭਾਈ ਘਨਈਆ ਦੇ ਪ੍ਰੋਫਾਈਲ ਵਾਲੀ ਤਸਵੀਰ ਦੀ ਸ਼ਕਲ-ਸੂਰਤ, ਕਿਸੇ ਗੁਰੂ ਵਿਅਕਤੀ ਦਾ ਭੁਲੇਖਾ ਪਾਉਂਦੀ ਹੈ। ਇਹ ਵਿਚਾਰ ਤਾਂ ਬਣਦਾ ਹੈ ਜਦ ਅਸੀਂ ਉਹਨਾਂ ਦੇ ਗੁਰੂ ਵਿਅਕਤੀਆਂ ਦੇ ਰੂਪ ਚਿਤਰ ਸਾਹਮਣੇ ਰੱਖਦੇ ਹਾਂ। ਲਗਦਾ ਹੈ ਕੁਝ ਤੱਤਰ ਚਿਤਰਕਾਰ ਦੀ ਮਨੋਬਣਤਰ ਦਾ ਹਿੱਸਾ ਬਣ ਗਏ ਹਨ। ਉਹ 'ਕਿਸੇ ਦਾ ਵੀ ਸਿੱਖੀ ਸਰੂਪ ਵਾਲਾ ਰੂਪ' ਤਿਆਰ ਕਰਨ ਉਹ ਤਕਰੀਬਨ - ਤਕਰੀਬਨ ਗੁਰੂ ਰੂਪ ਨਾਲ ਜਾ ਰਲਦਾ ਹੈ। ਰੂਪ ਦੇ ਪੱਧਰ 'ਤੇ ਗੁਰੂ ਅਤੇ ਸਿੱਖ ਵਿਚ ਅਭੇਦਤਾ ਸੋਭਾ ਸਿੰਘ ਦੇ ਰਚਨਾ ਜਗਤ ਦੀ ਵਿਸ਼ੇਸ਼ਤਾ ਹੈ। ਸਰੂਰੀਆਂ ਅੱਖਾਂ ਵਾਲੇ ਬਜ਼ੁਰਗ ਮਾਸ਼ਕੀ ਨੂੰ ਵੇਖਣ ਤੋਂ ਬਾਅਦ ਜਦ ਕ੍ਰਿਪਾਲ ਸਿੰਘ ਦੀ ਪੇਂਟਿੰਗ ਵੱਲ ਦੇਖਦੇ ਹਾਂ ਤਾਂ ਵੱਡਾ ਫਰਕ ਆਉਂਦਾ ਹੈ। ਜਿਸ ਦੀ ਕੇਂਦਰੀ ਪਿੱਠ ਵਿਚ ਭਾਈ ਘਨਈਆ ਤੇ ਮੁਗਲ ਸਿਪਾਹੀ ਹੈ। ਥੋੜ੍ਹਾ ਹਟ ਕੇ ਸਿੱਖ ਸਿਪਾਹੀ (ਸ਼ਕਲ-ਸੂਰਤ ਦੇ ਲਿਬਾਸ ਦੇ ਸੰਕੇਤ ਤੋਂ) ਅੱਖਾਂ ਟੱਡ ਆਪਣੇ ਸਾਹਮਣੇ ਵਰਤ ਰਹੇ ਵਰਤਾਰੇ ਨੂੰ ਦੇਖ ਰਿਹਾ ਹੈ। ਸੰਦੇਸ਼ ਸਪਸ਼ਟ ਹੈ ਕਿ ਮਾਸ਼ਕੀ ਆਪਣੇ-ਪਰਾਏ ਦਰਮਿਆਨ ਫਰਕ ਨਹੀਂ ਕਰ ਰਿਹਾ। ਸਮੂਹ ਸਿੱਖ ਸੰਗਤ ਦਰਮਿਆਨ ਮਿਲੀ ਗੁਰੂ ਦੀ ਮੱਤ ਨੂੰ ਰਣ-ਭੂਮੀ ਵਿਚ ਵਰਤਿਆ-ਪਰਖਿਆ ਜਾ ਰਿਹਾ ਹੈ।

ਸੋਭਾ ਸਿੰਘ ਨੇ ਤੀਸਰੀ ਧਿਰ ਨੂੰ ਕੈਨਵਸ ਵਿਚ ਆਉਣ ਹੀ ਨਹੀਂ ਦਿੱਤਾ। ਉਹਨਾਂ ਵੱਲੋਂ ਚਿਤਰੀ ਦੂਜੀ ਧਿਰ ਵੀ ਅਸਪਸ਼ਟ ਹੈ। ਸਾਰਾ ਕੈਨਵਸ ਤਣਾਅ, ਵਿਰੋਧੀ ਸੁਭਾਅ, ਹਲਚਲ ਤੋਂ ਵਿਹੂਣਾ ਹੈ। ਇਥੋਂ ਤਕ ਕਿ ਇਸਜ਼ਮੀਨ ਉੱਪਰ ਭਾਈ ਘਨਈਆ ਜੀ ਖੜ੍ਹੇ ਹਨ ਉਹ ਵੀ ਸਨ।ਸਮਤਲ ਹੈ। ਪਤਾਰ ਬਾਹਰੀ ਡੋਲਤਾ ਵਿਚਾਲੇ ਅਡੋਲ ਨਹੀਂ। ਉਸਦੀ ਅਡੋਲਤਾ ਇਕੱਲਤਾ ਸਦਕੇ ਹੈ ਜਿਸਨੂੰ ਬੀੜਿਆ ਹੀ ਅਜਿਹੇ ਤਰੀਕੇ ਨਾਲ ਹੈ। ਪੇਂਟਰ ਜਿਵੇਂ ਕੁਝ ਲੁਕਾਅ ਰਿਹਾ ਹੈ।

ਕ੍ਰਿਪਾਲ ਸਿੰਘ ਦੀ ਛਬ ਵਿਚ ਝੂਠ ਬਿਲਕੁਲ ਨਹੀਂ। ਸਿੱਖ, ਮੁਗਲ, ਤੋਪ, ਤੇਗ-ਨੇਜਾ, ਜ਼ਖਮ, ਲਹੂ, ਘੋੜਾ, ਕਿਲਾ, ਪਹਾੜੀ ਜ਼ਮੀਨ ਪੇਂਟਿੰਗ ਦੇ ਤੱਤ ਹਨ। ਇਹ ਤੱਤ ਹੀ ਭਾਈ ਜੀ ਦੇ ਅਹਿਦ ਦੀ ਪਰਖ ਕਰਦੇ ਹਨ ਅਤੇ ਉਹਨਾਂ ਦੇ ਮਨ ਦੀ ਦ੍ਰਿੜਤਾ ਇਹਨਾਂ ਤੱਤਾਂ ਸਦਕੇ ਉਭਰਦੀ ਹੈ। ਸੋਭਾ ਸਿੰਘ ਨੇ ਏਸ ਸਿੱਖ ਦੇ ਸਰੀਰ ਨੂੰ ਆਪਣੀ ਇੱਛਾ ਅਨੁਸਾਰ ਬਣਾਇਆ ਹੈ ਨਾ ਕਿ ਸਥਿਤੀ ਪ੍ਰਸਿਥਤੀ ਅਨੁਕੂਲ। ਸਰੀਰ, ਮਿਹਨਤਕਸ਼ ਵਿਅਕਤੀ ਜਿਹਾ ਨਹੀਂ। ਗੋਲ ਸਫੈਦ ਹਲਕੀ ਲਾਲੀ ਵਾਲਾ ਚਿਹਰਾ ਗੋਲ ਦਾਹੜੀ ਗੋਲ ਪੋਚਵੀਂ ਪੱਗ ਗੋਡਆ ਤੋਂ ਨੀਵਾਂ ਚੋਲਾ। ਚਿਹਰੇ ਨੂੰ ਧਿਆਨ ਨਾਲ ਵੇਖਣ 'ਤੇ ਪ੍ਰਤੀਤ ਹੁੰਦੀ ਹੈ। ਉਹ ਠੋਸ ਨਹੀਂ ਆਦਰਸ਼ ਰੂਪ ਸੋਭਾ ਸਿੰਘ ਦਾ ਚਿਤਰਿਆ ਹੋਇਆ ਹੈ। ਉਦਾਂ ਇਸ ਤੋਂ ਵੱਡਾ ਆਦਰਸ਼ ਵੀ ਹੈ ਜਿਸਨੂੰ ਦੋਵੇਂ ਪੇਂਟਰਾਂ ਨੇ ਪੇਂਟ ਕੀਤਾ ਹੈ ਅਤੇ ਉਹ ਹੈ ਮਨੁੱਖ ਦੀ ਸੇਵਾ, ਸਾਹਮਣੇ ਰੱਖਿਆ ਜਾ ਰਿਹਾ ਹੈ ਜੋ ਸੇਵਾ ਦਾ ਹੈ।

ਕ੍ਰਿਪਾਲ ਸਿੰਘ ਦਾ ਭਾਈ ਘਨਈਆ ਸਾਧਾਰਣ ਦਿੱਖ ਵਾਲਾ ਹੈ। ਸਾਧਾਰਣ ਹਲਕਾ ਲੰਮਾ ਚਿਹਰਾ, ਲੰਮੀ ਸਿੱਧੀ ਸਿਆਹ ਦਾਹੜੀ, ਸਿਰ ਪੀਲੀ ਪੱਗ (ਜਿਸ 'ਚ ਸਫਾਈ ਜਿਹਾ ਕੁਝ ਨਹੀਂ) ਗਲ਼ ਨੀਲਾ ਚੋਲਾ ਤੇੜ ਗੋਡਿਆਂ ਤੱਕ ਨੀਵੀਂ ਕੱਛ ਪਹਿਨੀ ਹੋਈ ਹੈ। ਚੋਲੇ ਦੀਆਂ ਬਾਹਾਂ ਉੱਪਰ ਚਾੜੀਆਂ ਹੋਈਆਂ ਹਨ। ਏਦਾਂ ਉਹ, ਆਪਣੀ ਤਰ੍ਹਾਂ

ਰਣਭੂਮੀ ਦਾ ਸਿਪਾਹੀ ਲਗਦਾ ਹੈ। ਦਿਖਣ ਨੂੰ ਸਰੀਰ ਕੱਸਵਾਂ ਕਠੋਰ ਲਗਦਾ ਹੈ ਕਿਉਂਕਿ ਕੰਮ ਹੀ ਏਦਾਂ ਦਾ ਹੈ। ਇਸ ਪਾਤਰ ਦੀ ਖੜ੍ਹੇ ਹੋਣ ਦੀ ਮੁਦਰਾ ਵੀ ਧਰਤੀ ਉੱਪਰ ਪੱਕੀ ਤਰ੍ਹਾਂ ਟਿਕੇ ਹੋਣ ਵਾਲੀ ਹੈ। ਵਿਸ਼ੇ ਤੋਂ ਜ਼ਰਾ ਹੱਟ ਕੇ ਅਸੀਂ ਕ੍ਰਿਪਾਲ ਸਿੰਘ ਵੱਲੋਂ ਬਣਾਏ ਸਿੱਖ ਯੋਧਿਆਂ ਦੀਆਂ ਤਸਵੀਰਾਂ ਨੂੰ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਕਥਾ ਸਰੀਰ ਦੀ ਬਿਆਨਦਾ ਹੈ ਜੋ ਦਰਸ਼ਕ ਨੂੰ ਹਲੂਣਦਾ ਹੈ, ਧੁਰ ਅੰਦਰੋਂ। ਇਹ ਤਸਵੀਰਾਂ ਹਨ ਲੋਹਗੜ੍ਹ ਦੇ ਕਿਲੇ ਦੇ ਬਾਹਰ ਬੈਠੇ ਬੰਦਾ ਸਿੰਘ ਬਹਾਦਰ ਦੀ ਅਤੇ ਦੂਸਰੀ ਬਾਬਾ ਦੀਪ ਸਿੰਘ ਜੀ ਜੋ ਖੰਡੇ ਨਾਲ ਜ਼ਮੀ ਉੱਪਰ ਲਕੀਰ ਖਿੱਚ ਮਰਜੀਵੜੇ ਸਿੰਘਾਂ ਨੂੰ ਲਲਕਾਰਦੇ ਰਹੇ ਹਨ। ਇਥੇ ਸਜਾਵਟ ਨਹੀਂ। ਸਰੀਰ ਨੂੰ ਲਿਬਾਸ ਉਹਨਾਂ ਦਾ ਜੀਵਨ ਜਿਹਾ ਰਫ-ਟਫ ਹੈ।

ਦੋਹਾਂ ਚਿਤੇਰਿਆਂ ਦੇ ਕੰਮ ਨੂੰ ਇਕ ਹੋਰ ਨੁਕਤੇ ਤੋਂ ਵੀ ਵਿਚਾਰ ਸਕਦੇ ਹਾਂ ਕਿ ਕਿਰਤਾ ਯਾਤਰਾ ਕਿਵੇਂ ਕਰਦੀ ਹੈ। ਕ੍ਰਿਪਾਲ ਸਿੰਘ ਦੀ ਰਚਨਾ ਵਿਸ਼ੇਸ਼ (ਭਾਈ ਘਨਈਆ ਅਤੇ ਪਾਣੀ ਪੀ ਰਹੇ ਮੁਗਲ ਸਿਪਾਹੀ) ਤੋਂ ਅਵਿਸ਼ੇਸ਼ ਪਰ ਸਹਾਇਕ (ਜ਼ਖਮੀ ਸਿਪਾਹੀ, ਘੁੜਸਵਾਰ ਦੇ ਪਿੱਛੇ ਦਿਸਣਾ, ਮੱਧਮ ਪਰ ਮਹੱਤਵਪੂਰਨ ਕਿਲਾ) ਵੱਲ ਸਫਰ ਤੈਅ ਕਰਦੀ ਹੈ। ਇਸ ਧਾਰਨਾ ਨੂੰ ਉਲਟਾ ਕੇ ਵੀ ਦੇਖਿਆ ਜਾ ਸਕਦਾ ਹੈ ਭਾਵ ਵਿਸ਼ੇਸ਼ ਤੋਂ ਵਿਸ਼ੇਸ਼ ਵੱਲ ਸਫਰ। ਦੋਹਾਂ ਵਿਚੋਂ ਕਿਸੇ ਵੀ ਦ੍ਰਿਸ਼ਟੀ ਨੂੰ ਅਪਣਾਉ, ਸੰਚਾਰਤ ਪੈਗਾਮ ਅਬਦਲ ਇਕੋ ਜਿਹਾ ਰਹਿੰਦਾ ਹੈ।

ਉਪਰੋਕਤ ਤੱਥ ਨੂੰ ਜੇ ਸੋਭਾ ਸਿੰਘ ਦੀ ਕਿਰਤ ਉੱਪਰ ਲਾਗੂ ਕਰੀਏ ਤਾਂ 'ਸਫਰ ਦਾ ਨੁਕਤਾ' ਨਾ ਹੋਣ ਦੇ ਬਰਾਬਰ ਹੈ। ਜੋ ਵਸਤੂ ਇਕ ਵਾਰ ਫੋਕਸ ਹੋ ਗਈ, ਸੋ ਹੋ ਗਈ। ਇਹ ਗੱਲ ਚਿਤਰਕਾਰ ਦੀਆਂ ਦੂਸਰੀਆਂ ਪੇਂਟਿੰਗਾਂ ਬਾਬਤ ਵੀ ਕਹੀ ਜਾ ਸਕਦੀ ਹੈ। ਉਹ ਆਪਣੀ ਕਿਰਤ ਨੂੰ ਵੱਖਰੇ ਸੰਦਰਭ ਅਤੇ ਨਿਸ਼ਾਨੇ ਵੱਲ ਲੈ ਜਾਂਦੇ ਹਨ। ਗੁਰੂ ਦਾ ਸਿੱਖ ਸੰਸਾਰ ਰੂਪੀ ਵਿਅਕਤੀ ਨੂੰ ਪਾਣੀ ਪਿਲਾ ਰਿਹਾ ਹੈ। ਸਿੱਖ ਦੇਣ ਵਾਲਾ ਦਾਤਾ ਹੈ, ਜਗਤ ਲੈਣ ਵਾਲਾ ਹੈ। ਜਿਸ ਵਸਤੂ ਨੂੰ ਬਿਨਾਂ ਭੇਦ ਅਤੇ ਸੰਕੋਚ ਦੇ (ਸੰਸਾਰ ਅਨੇਕ ਜਾਤਾਂ, ਵਰਗਾਂ, ਧਰਮਾਂ ਦਾ ਸਮੂਹ ਹੈ) ਦਿੱਤਾ ਜਾ ਰਿਹਾ ਹੈ, ਉਸਨੂੰ ਗੁਰਬਾਣੀ ਵਿਚ ਪਾਣੀ ਪਿਤਾ ਕਿਹਾ ਗਿਆ ਹੈ।

ਅਸੀਂ ਪਾਣੀ ਨੂੰ ਸ਼ਾਬਰਦਿਕ ਅਰਥਾਂ ਵਿਚ ਨਾਂ ਲੈ ਕੇ ਦੂਜੇ ਅਰਥਾਂ ਵਿਚ ਵੀ ਲੈ ਸਕਦੇ ਹਾਂ। ਰਣ ਤੱਤੇ ਮੈਦਾਨ ਵਿਚ ਰਾਹਤ ਦੇਣ ਵਾਲੀ ਸਮੱਗਰੀ ਸਿੱਖ ਪਾਸ ਹੈ। ਬਿਨਾਂ ਕੋਈ ਸ਼ਬਦ ਬੋਲਿਆਂ ਵਿਚਤਰਕਾਰ ਇਹ ਗੱਲ ਕਹਿ ਰਿਹਾ ਹੈ। ਇਹ ਦੇਖਣ ਵਾਲੇ 'ਤੇ ਨਿਰਭਰ ਕਰਦਾ ਹੈ, ਉਹ ਉਸ ਨੂੰ ਕਿੱਥੋਂ ਕੁ ਤੱਕ ਗ੍ਰਹਿਣ ਕਰਦਾ ਹੈ।ਜੇ ਸ਼ਬਦ ਸ਼ਕਤੀ ਦੀ ਗੱਲ ਕਰਦੇ ਹਾਂ ਤਾਂ ਚਿਤਰ ਸ਼ਕਤੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਇਥੇ 'ਇੰਟਰਜੈਕਟ' ਕੀਤਾ ਜਾ ਸਕਦਾ ਹੈ ਜੇ ਸਿੱਖ ਅਜਿਹਾ ਕਰਮ ਕਰਨ ਦੇ ਸਮਰਥ ਹੈ ਤਾਂ ਉਸਦਾ ਗੁਰੂ ਕਿਹੋ ਜਿਹਾ ਹੋਵੇਗਾ। ਨਿਸ਼ਚਿਤ ਤੌਰ 'ਤੇ ਅਥਾਹ ਸਮਰੱਥਾ ਵਾਲਾ ਹੋਵੇਗਾ।

ਕਿਹਾ ਜਾ ਸਕਦਾ ਹੈ ਕਿ ਭਾਈ ਘਨਈਆ ਗੁਰੂ ਨਹੀਂ, ਗੁਰੂ ਜਿਹਾ ਵੀ ਨਹੀਂ, ਉਹ ਤਾਂ ਗੁਰੂ ਦੀ ਮੱਤ ਉੱਪਰ ਤੁਰਨ ਵਾਲਾ 'ਗੁਰੂ ਦਾ ਸਿੱਖ' ਹੈ।

# 118 A, PARTAP NAGAR, JAIL ROAD
**NEW DELHI 110 064**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗ ਰੁੱਤ

## ਕਰਮ ਸਿੰਘ ਰਤਨ

ਫਿਰ ਮੋਰ ਪਪੀਹੇ ਕੂਕਦੇ, ਤੇ ਸੁਣ ਲਈ ਪ੍ਰਭ ਪੁਕਾਰ
ਮੇਘੈ ਨੂੰ ਫੁਰਮਾਨ ਹੋਆ, ਵਰਸਹੁ ਕਿਰਪਾ ਧਾਰ
ਫਿਰ ਪੰਜਵਾਂ ਰੂਪ ਪ੍ਰਭ ਧਾਰ ਕੇ, ਬਣ ਗਏ ਮੇਘ ਸੀ ਰਾਗ
ਬਾਰਿਸ਼ ਦਾ ਰੂਪ ਸੀ ਧਾਰ ਕੇ, ਵਸਿਆ ਫਿਰ ਇਕ ਓਅੰਕਾਰ
ਕਾਫ਼ੀ ਠਾਠ ਦੀ ਸੁਰਾਂ 'ਚੋਂ, ਜਦ ਧਾ ਗਾ ਕਢੇ ਆਣ
ਦੋਵੇਂ ਨਿਸ਼ਾਧ ਲਗਾਇ ਕੈ, ਮੇਘ ਰਾਗ ਪਹਿਚਾਨ
ਸਾ ਵਾਦੀ ਪਾ ਸੰਵਾਦ ਕਰ, ਮੇਘ ਰਾਗ ਦਾ ਗਾਣ
ਰੇ ਪਾ ਰੇ ਸਾ ਨੀ ਪਾ ਨੀ ਸਾ, ਮੁੱਖ ਅੰਗ ਇਹ ਜਾਣ
ਕਾਫ਼ੀ ਠਾਠ ਦੀ ਸੁਰਾਂ 'ਚੋਂ, ਆੜਵ ਜਾਤੀ ਧਾਰ
ਸਭ ਧਰਤ ਭਈ ਹਰਿਆਵਲੀ, ਜਦ ਵਸਿਆ ਮੇਘ ਮਲ੍ਹਾਰ

ਇਹ ਜੋ ਸ੍ਰਿਸ਼ਟੀ ਨੂੰ ਚਲਾਨ ਵਾਲੇ ਦੇਵਤੇ ਹਨ। ਜਿਹਨਾਂ ਦਾ ਜ਼ਿਕਰ ਅਸੀਂ ਪਿਛਲੇ ਲੇਖਾਂ ਵਿਚ ਕਰ ਆਏ ਹਾਂ (ਸ੍ਰੀ ਵਿਸ਼ਨੂੰ ਜੀ ਸ੍ਰੀ ਰਾਗ ਹਨ) ਅਤੇ ਰਾਗਾਂ ਤੇ ਸ੍ਰਿਸ਼ਟੀ ਦਾ, ਮੁਢ ਆਰੰਭ ਹਨ (ਅਤੇ ਬ੍ਰਹਮਾ ਜੀ, ਰਾਗ ਹਿੰਡੋਲ, ਸ੍ਰਿਸ਼ਟੀ ਨੂੰ ਪੈਦਾ ਕਰਦੇ ਹਨ ਅਤੇ ਸ਼ਿਵ ਜੀ ਰਾਗ ਭੈਰਵ ਹਨ, ਸ੍ਰਿਸ਼ਟੀ ਦੀ ਸਫਾਈ ਕਰਦੇ ਹਨ। ਸੂਰਜ ਦੇਵ ਜੀ, ਜੋ ਰਾਗ ਦੀਪਕ ਹਨ, ਇਹ ਸ੍ਰਿਸ਼ਟੀ ਨੂੰ ਊਰਜਾ ਪ੍ਰਦਾਨ ਕਰਦੇ ਹਨ ਅਤੇ ਸੂਰਜ ਦੇ ਕਾਰਨ ਹੀ ਛੇ ਰੁੱਤਾਂ ਬਣਦੀਆ ਹਨ। ਗੁਰਬਾਣੀ ਵੀ ਹੁਕਮ ਕਰਦੀ ਹੈ ਕਿ (ਸੂਰਜ ਏਕੋ ਰੁਤਿ ਅਨੇਕ, ਆਸਾ ਮ: ੧, ਪੰਨਾ ੧੨) ਸ੍ਰਿਸ਼ਟੀ ਵਿਚ ਹਰ ਇਕ ਜੀਵ ਨੂੰ, ਜਿੱਥੇ ਗਰਮੀ ਚਾਹੀਦੀ ਹੈ ਅਤੇ ਉਥੇ ਜਲ, ਪਾਣੀ ਵੀ ਚਾਹੀਦਾ ਹੈ। ਸੂਰਜ ਦੇ ਕਾਰਨ ਹੀ ਪਾਣੀ ਵੀ ਬਣਦਾ ਹੈ। ਫਿਰ ਪਾਣੀ ਲਈ ਮੇਘ ਇੰਦਰ ਨੂੰ ਹੁਕਮ ਕਰਦਾ ਹੈ ਕਿ ਹੁਣ ਤੁਸੀਂ ਧਰਤੀ ਤੇ ਵਰਸ਼ਾ ਕਰ ਕੇ ਪਿਆਸੇ ਜੀਵਾਂ ਨੂੰ ਪਾਣੀ ਦੇ ਕੇ ਪਿਆਸ ਬੁਝਾਉ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮੇਘ ਦੀ ਥਾਂ ਤੇ ਰਾਗ ਮਲ੍ਹਾਰ ਨੂੰ ਥਾਂ ਦਿੱਤੀ ਹੈ। ਲੇਕਿਨ ਰਾਗ ਮਲ੍ਹਾਰ ਦੀ ਬਾਣੀ ਵਿਚ ਥਾਂ ਥਾਂ ਤੇ ਮੇਘ ਦਾ ਜ਼ਿਕਰ ਆਉਂਦਾ ਹੈ। ਜਿਸ ਤਰ੍ਹਾਂ (ਬਰਸੈ ਮੇਘ ਸਖੀ ਘਰਿ ਪਾਹੁਨ ਆਏ-ਮਲਾਰ ਮ: ੫, ਪੰਨਾ ੧੨੬੬)।। ਬਰਸ ਘਨਾ ਮੇਰਾ ਪਿਰ ਘਰਿ ਆਇਆ=ਮਲਾਰ ਮ: ੫, ਪੰਨਾ ੧੨੫੫)।। ਇੰਦ ਵਰਸੈ ਦਇਆ ਕਰ ਲੋਕਾਂ ਮਨ ਉਪਜੈ ਚਾਉ। ਜਿਸਕੇ ਹੁਕਮੈ ਇੰਦ ਵਰਸਦਾ, ਤਿਸ ਕੈ ਸਦ ਬਲਿਹਾਰੈ ਜਾਊ।। ਮਲਾਰ ਵਾਰ ਮ: ੩ ਪੰਨਾ ੧੨੮੨

ਵੈਸੇ ਰਾਗ ਮਲ੍ਹਾਰ ਤੇ ਰਾਗ ਮੇਘ ਦੀ ਸੁਰਾਂ ਤਕਰੀਬਨ ਇਕੋ ਜਿਹੀਆਂ ਹਨ, ਕੋਈ ਖਾਸ ਅੰਤਰ ਨਹੀਂ। ਸਿਰਫ ਵਾਦੀ, ਸਵਾਦੀ ਦਾ ਹੀ ਅੰਤਰ ਹੈ,ਜਿਸ ਤਰ੍ਹਾਂ ਰਾਗ ਮਲ੍ਹਾਰ ਵਿਚ ਵਾਦੀ ਸੁਰ ਮਾ ਹੈ ਤੇ ਸੰਵਾਦੀ ਸੁਰ ਸਾ ਹੈ। ਰਾਗ ਮੇਘ ਵਿਚ ਵਾਦੀ ਸੁਰ ਸਾ ਹੈ, ਤੇ ਸੰਵਾਦੀ ਸੁਰ ਪਾ ਹੈ, ਮੇਘ ਵਿਚ ਪੰਜ ਸੁਰ ਲਗਦੇ ਹਨ ਪਰ ਮਲ੍ਹਾਰ ਵਿਚ ਸਭ ਸੁਰ ਲਗਦੇ ਹਨ। ਮਲ੍ਹਾਰ ਸੰਪੂਰਨ ਜਾਤੀ ਦਾ ਰਾਗ ਹੈ, ਇਸ ਲਈ ਸਤਿਗੁਰ ਜੀ ਨੇ ਰਾਗ ਮਲ੍ਹਾਰ ਨੂੰ ਪ੍ਰਧਾਨਤਾ ਦਿੱਤੀ ਹੈ। ਪਰ ਰਾਗ ਮਾਲਾ ਵਿਚ, ਵਰਸ਼ਾ ਰੁੱਤ ਦਾ ਰਾਗ ਮੇਘ ਹੀ ਲਿਖਿਆ ਹੈ। ਦੋਹਾਰਾ:

ਜਬ ਕਾਫੀ ਕੇ ਠਾਠ ਸੇ, ਗਾ ਧਾ ਦੀਨ ਹਟਾਇ
ਦੋਊ ਨਿਸ਼ਾਧ ਸੰਵਾਦ ਸਾ ਮਾ ਸੇ ਮੇਘ ਰਾਗ ਹੋ ਜਾਇ।।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਮਾਲਾ ਅਨੁਸਾਰ ਰਾਗ ਮੇਘ ਛੇ ਪ੍ਰਮੁੱਖ ਰਾਗਾਂ ਵਿਚੋਂ ਛੇਵਾਂ ਮੁੱਖ ਰਾਗ ਹੈ ਅਤੇ ਨਾਦ ਬਿਨੋਦ ਗ੍ਰੰਥ ਅਨੁਸਾਰ ਵੀ ਇਹ ਛੇਵਾਂ ਰਾਗ ਹੈ। ਪਰ ਰੁੱਤਾਂ ਦੇ ਹਿਸਾਬ ਨਾਲ ਸਾਲ ਦੀ ਤੀਜੀ ਰੁੱਤ ਹੈ, ਵਰਸ਼ਾ ਰੁੱਤ ਹੈ, ਰਾਮਕਲੀ ਰਾਗ ਦੀ ਰੁੱਤੀ ਸਲੋਕਾਂ ਵਿਚ ਪੰਚਮ ਪਾਤਸ਼ਾਹ ਲਿਖਦੇ ਹਨ (ਰੁਤਿ ਬਰਸ ਸੁਹੇਲੀਆ, ਸਾਵਣ ਭਾਦਵੇਂ ਆਨੰਦ ਜੀਉ) ਅਤੇ ਰਾਗ ਤੁਖਾਰੀ ਵਿਚ ਗੁਰੂ ਨਾਨਕ ਜੀ ਲਿਖਦੇ ਹਨ (ਸਾਵਣ ਸਰਸ ਮਨਾ ਘਣ ਵਰਸਹਿ ਰੁਤਿ ਆਇ, ਪੰਨਾ ੧੧੦੮)

ਰਾਗ ਮੇਘ, ਕਾਫੀ ਠਾਠ ਤੋਂ ਪ੍ਰਗਟ ਹੁੰਦਾ ਹੈ ਅਤੇ ਇਸ

ਰਾਗ ਵਿਚ ਦੋਵੇਂ ਨੀ ਲਗਾਏ ਹਨ। ਅਤੇ ਇਸ ਵਿਚ ਰਾਗ ਵਿਚ ਗਾ ਤੇ ਧਾ ਵਰਜਤ ਹਨ। ਜਾਤੀ ਆੜਵ-ਆੜਵ ਹੈ। ਵਾਦੀ ਸੁਰ ਸਾ ਹੈ ਤੇ ਸੰਵਾਦੀ ਸੁਰ ਮਾ ਹੈ, ਇਹ ਰਾਗ ਸ਼ਿੰਗਾਰ ਰਸ ਤੇ ਹਾਸ ਰਸ ਪ੍ਰਕਿਤੀ ਦਾ ਹੈ। ਇਸ ਦਾ ਸਮ ਪਾ ਅਤੇ ਰੇ ਤੇ ਹੋਣਾ ਚਾਹੀਦਾ ਹੈ।

(ਵਰਸ਼ੈ ਜਲ ਘਨਘੋਰ ਅਤੇ ਮੇਘ ਰਾਗ ਕੇ ਬੋਲ)

ਆਰੋਹ- ਸਾ ਮਾ ਰੇ ਮਾ ਪਾ ਨ਼ੀ ਨੀ ਸਾ

ਅਵਰੋਹ- ਸਾਂ ਨੀ ਪਾ ਮਾ ਰੇ ਪਾ ਨ਼ੀ ਸਾ

ਪਕੜ - ਰੇ, ਰੇ ਮਾ, ਰੇ ਸਾ, ਨ਼ੀ ਪਾ ਸਾ, ਮਾ ਰੇ ਪਾ, ਮ ਪ ਸਾਂ ਰੇਂ ਸਾਂ

ਪ੍ਰਕ੍ਰਿਤੀ

| ਸੁਰ | ਸੁਭਾਅ | ਪ੍ਰਕਾਸ਼ ਰੰਗ | ਵਰਣ | ਪ੍ਰਕ੍ਰਿਤੀ |
|---|---|---|---|---|
| ਸ | ਸਰਦ ਰੁੱਤ | ਸ੍ਵੈਤ | ਰਕਤ | ਦਿਲ ਪ੍ਰਸੰਨ |
| ਰੇ | ਸਰਦ ਖੁਸ਼ਕ | ਸੁਰਖ | ਪਿਤ | ਦਿਲ ਪ੍ਰਸੰਨ |
| ਮਾ | ਗਰਮ ਖੁਸ਼ਕ | ਸ੍ਵੈਤ | ਵੈਤ | ਚੰਚਲ |
| ਪਾ | ਗਰਮ ਖੁਸ਼ਕ | ਪੀਲਾ | ਸ਼ਯਾਮ | ਕਰੋਧੀ |
| ਨੀ | ਸਰਦ ਖੁਸ਼ਕ | ਕਾਲਾ | ਵਚਿਤ੍ਰ | ਕਰੋਧੀ ਸ਼ੋਕਾਤੁਰ |

ਸਾ ਦਾ ਸੁਭਾਅ ਸਰਦ ਤਰ ਹੈ। ਰੇ ਅਤੇ ਨੀ ਦਾ ਸੁਭਾਅ ਸਰਦ ਖੁਸ਼ਕ ਹੈ। ਮਾ ਅਤੇ ਪਾ ਦਾ ਸੁਭਾਅ ਗਰਮ ਖੁਸ਼ਕ ਹੈ।

ਸਾ ਤੇ ਮਾ ਦਾ ਰੰਗ ਸ੍ਵੈਤ ਹੈ। ਰੇ ਦਾ ਰੰਗ ਸੁਰਖ ਹੈ। ਪਾ ਦਾ ਰੰਗ ਪੀਲਾ, ਤੇ ਨੀ ਦਾ ਰੰਗ ਕਾਲਾ ਹੈ।

ਸਾ ਤੇ ਰੇ ਦੀ ਪ੍ਰਕਿਤੀ ਦਿਲ ਪ੍ਰਸੰਨ ਹੈ, ਮਾ ਦੀ ਪ੍ਰਕ੍ਰਿਤੀ ਚੰਚਲ ਹੈ। ਪਾ ਦੀ ਤੇ ਨੀ ਦੀ ਪ੍ਰਕ੍ਰਿਤੀ ਕਰੋਧੀ ਹੈ।

ਸੋ ਵਰਸ਼ਾ ਰੁੱਤ ਵਿਚ, ਸਰਦੀ ਤਰ ਅਤੇ ਖੁਸ਼ਕ ਅਤੇ ਥੋਹੜ੍ਹੀ ਗਰਮੀ ਹੁੰਦੀ ਹੈ ਅਤੇ ਰੰਗ ਰਾਤ ਦਾ ਕਾਲਾ, ਅਤੇ ਬਦਲ ਛਾਣ ਵੇਲੇ ਦੀ ਕਾਲਾ ਅਤੇ ਸ਼ਾਮ ਦਾ ਰੰਗ ਪੀਲਾ ਤੇ ਸੁਰਖ ਹੁੰਦਾ ਹੈ। ਪ੍ਰਕ੍ਰਿਤੀ ਚੰਚਲ ਅਤੇ ਥੋਹੜੀ ਸ਼ੋਕਾਤੁਰ ਤੇ ਜ਼ਿਆਦਾ ਦਿਲ ਪ੍ਰਸੰਨ ਹੁੰਦੀ ਹੈ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ,
ਕਾਕੋਵਾਲ ਰੋਡ, ਲੁਧਿਆਣਾ-141008
ਮੋਬਾਇਲ : 9780708747, 9463244912

## ਪ੍ਰੇਮ

ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥

Without the Guru, love is not found. United with the Shabad, happiness is found. ||1||Pause||

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥

The Treasure of the Lord's Love is obtained by the Gurmukh, who contemplates the essence of reality.

ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥

The inner being is empty without love. The body shall crumble into a heap of ashes. ||1||

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥

O dear beloved mind, my friend, let your mind remain absorbed in loving devotion to the Lord.

ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥

Nanak instructs the Saints to teach, that the mind is imbued with loving devotion to the Lord. ||5||1||2||

# Good Physical Health through Music

## Narendra Kaur

It has been said that sound is the background of music. A sound is a composite body of vibrations of ether-units, surcharged with energy. All the musicologists have said that sound is mainly divided into two parts, unconscious unmanifested (anahata) and conscious manifested (ahata) ones. The manifested sound represents itself as the non musical sound like speech and the musical sound like song. The musical sound is melodious, sweet and soothing, whereas non musical sound is suitable only for speech.

Music is a composition of melodic sounds which pleases human mind. There is nothing in nature that arouses our attention or affects our feelings as quickly as sound. The murmuring of water, the sighs of the zephyrs, the whispers of the evening breeze, the roar of the storms, the chirpings of the birds, the cries of the animals, and the hum of distant multitudes excite in our minds the feelings of pleasure, pain, or fear, and contain in them the germs of music.

Pt. Sarangdeva says "Musical as well as all kinds of sound (nada) first emerges from the navel base (muladhara) as a result of friction of the air (prana vayu) and the heat energy (agni): nakaram prananamanam dakaramnalam viduh". Hermann Helmholtz says "a noise is accompanied by a rapid alteration of different kinds of sensations of sound, whereas a musical tone strikes the ear as a perfectly undisturbed, uniform sound which remains unaltered as long as it exists."

The word Sangita has a complex signification. It consists of three things-gita, vadya and nritya, or song, percussion and dancing. The principles and laws of Sangita get the nomenclature of Sangita Shastra. This may be comprehended in a two fold view- as an art and as a science. As a science music deals with the acoustics. It treats with the origin and propagation of Nada, the sound- the doctrine of shrutis, the doctrine of swaras or musical sound, the formation of the different scales, the rules of murchchanas and tanas, the composition of ragas and their various modifications and variations, the variety of talas or times conformable to regular meter and the rules and directions with respect to the various styles of theatric representation. Music as an art directs to cultivate human voice, to perform instrumental music and lays guidelines for the motions and gestures in dancing. The general and most essential characteristic of gita, vadya and Nritya is rakti or the power of affecting the heart.

Music may directly or indirectly affect the physical changes in an individual. Exercises done in music provide the individual with a good posture and improve his motor co-ordination. It also improves his walking and running habits. Specific types of music can correct certain physical disorders. Blowing the horn reduces weakness of abdominal muscles. It has been observed that there was improvement in polio victim since playing

on a musical instrument (cello) helped in finger coordination. It is also recommended for patients suffering from cerebral palsy.

There is also a close association between musical rhythm and the body's circulatory and respiratory system, between melody and the nervous system and between harmony and the metabolic system. Music can also be an important element in the education of visually handicapped. The blind children possess a highly developed auditory perception as well as interest in memory for sound. Because music will be a leisure time interest for most of them and a means of livelihood for some, so it is essential that blind children should be provided with as comprehensive and systematic course in music as possible. Singing can assist the development of the speech, which is an important means of communication for a blind, and instrument playing can be interesting form of sensory motor-learning.

The whole mechanism, the muscles, the blood circulation, the nerves are all moved by the power of vibration. As there is a resonance for every sound, so the human body is a living resonator for sound. The effect of sound is upon each atom of the body for each atom resounds; on all glands, on the circulation of the blood and on the pulsation, sound has its effect.

The tones and the tunes of music create sweet sensations in the mind of the child, stimulate his physique and thus bring new energy and vigour in him.

The practice of swar sadhana gives strength to respiratory system of our body. Many diseases related to throat and lungs are relieved by Kantha Sadhana. Other physical ailments like high blood pressure, cardiovascular problems, cerebral stroke etc. are also treated with the help of music; since sound has a definite effect on body. It reduces fatigue, stimulates the depressed feelings among the mentally and physically handicapped persons, relieves tension, and arouses happiness, courage and energy as well.

For a child, when pleasant sounds and strong movements are the stimuli, many senses are alerted. The ear becomes keenly attuned; the sense of touch is activated; and the pleasant sounds and strong movements are transferred to each muscle and nerve in the child's body. The result is a deep emotional experience and thus a well developed physique.

In the primitive society of the most ancient days the uncivilized nomadic tribes, not only of India but also of all the countries of the world used to sing and dance for consoling their heavy heart and for mitigating cares and anxiety of their daily life. They used in their songs one, two or three notes, high, low and medium. Their songs were very simple. They used in those songs simple drums of wood and flutes of bamboo, wood or bone of animals. They used to dance with the rhythms of songs of farming, weather, marriage and other aspects of worldly life. In the civilized society too, music became the prime means to men's household life and to their peace and solace. So from the dim antiquity until now, music has preserved its glorious march and tradition, and men find their hope and consolation of life in it.

The effect of music is so powerful

that it is being used for therapeutic purposes. Music Therapy has become a panacea in treating many diseases. Music Therapy is the use of music to assist in the treatment of physical and mental illness or disability in a better way. Music can reduce pain and anxiety, mask unpleasant sounds and feelings, facilitate physical participation in certain activities, help recall past events. It provides an abstract means of notes to express one's unconscious feelings. It reinforces reality, identity and self-concept, decreases feelings of helplessness. Music Therapy constructs a relationship between the patient and the therapist. They communicate through the means of notes. The therapist provides him his support musically. The effect of music is unique therefore the music therapist believes that Music Therapy makes a unique contribution to the well being of the patient. It balances the mind of the patient, provides calmness to the patient and thus develops the personality uniquely. In this process the foremost fact to keep in mind is that that everyone has a different taste in music. Listening to music of one's own taste lessens the stress but forcing someone to listen to music which one does not like may create a stress even. When someone can not identify his choice of music, he should be provided such music that remained popular in his young adult age.

Music Therapy is basically sound energy therapy. The basis of its effect is that when specific vibrations of musical sounds match with the vibrations of specific organs of the body, healing occurs. This was in 1920 that the studies reported that music affected blood pressure. Music can alter certain bio-chemicals, such as plasma beta-endorphin levels. Music Therapy has been applied in the treatment of various ailments of human psyche, cardiac diseases, blood pressure, stress management, relieving pain and anxiety.

The recent researches found that music is effective mainly for

- Stress/ anxiety
- High Blood Pressure (Hypertension)
- Alzheimer's disease
- Substance Abuse Problem
- Acute and Chronic Pain
- Heart Problems (Cardiovascular Problems)
- Cerebral Problems (Cerebrovascular Problems)

Minneapolis Heart Institute Foundation studied forty heart attack patients. One group was given twenty five minutes of relaxing music and the other was given twenty five minutes of rest. Music group was found having less anxiety and reduced heart beat and respiratory rates.

Music lessens the pain. During surgery, 500 patients were studied at Case Western Reserve University. The researchers found that those who listened to music or learned relaxation techniques felt much less pain than those who did neither.

University of Miami School of Medicine studied a group of Alzheimer's patients. The researchers found higher melatonin levels in the patient's blood after he had a thirty to forty minutes morning session of

singing and other music therapy five minutes a week for a month. Also music improves the communication skills of the patients.

Researchers at Florida State University found that forty pre-mature babies in a neo-natal intensive care unit gained weight when Brahms' "Lullaby" played for 15-30 minutes a few times per week.

It was reported by the scientists at the University of Wisconsin at Milwaukee that heart attack patients felt relaxed just after listening to the classical music. The change was noticed in their body within a short period of time. Their heart beat reduced from seventy nine to seventy one and their breath reduced from 17 to 16/min. Their heart-rate-variability was also improved which proved that their heart was stronger and flexible.

It was found by the research team at Bryan Memorial Hospital, Lincoln, USA that during heart surgery the patient's anxiety and tension can be reduced by Music Therapy.

Live music is comparatively more effective than that of recorded music. At Memorial Sloan-Kettering Cancer Centre, in 1983, 50 cancer patients were studied. One group of the patients was given recorded music and the other was given same music live for twenty five minutes. The patients who heard live music reported less discomfort, anxiety and tension than their counter parts.

'Medical Music Therapy' has been started in India at Apollo Hospitals, Chennai and is not only the first of its kind in India but also in Asia. It has been proven that Music Therapy is especially more effective mainly in three medical areas.

- Pain, Anxiety and Depression
- Mental, Emotional and Physical Handicaps
- Neurological Disorders

Prof. Dr. (med.) Walentine Sidorenko, Assistant professor, Medical University Minsk, Belarus reporting in fourteenth International Congress on "The foetus as a patient and foetal cardiology" resulted that if Medical Resonance Therapy Music was solely applied on expectant mothers without any other treatment then the following results were observed.

- It reduces the symptoms of threatened loss of the pregnancy in 56% of the women at risk.
- It prevents sleep disorders and normalizes sleep in 68% of expectant mothers with sleep disorders.
- It normalizes the blood pressure in 34% of expectant mothers with high level of blood pressure.
- When MRT music is used, the expectant mothers sense the first movements of their child 2-3 weeks earlier than pregnant women who are treated without any form of MRT music.

The Dept. of Music Therapy at Apollo Hospitals, Chennai, India has conducted its current research to study the effect of music to delay the cell degeneration in individuals who have crossed 50 years of

age. Some of the ragas of Indian Classical Music are found to be capable of doing wonders in this sphere.

Junagarh Civil Hospital, Ahmedabad, has installed music systems in all its forty wards since May 25, 2005. Civil surgeon G. K. Gadhesariya says, "Research has proved that music aids in faster recovery and helps patients relax". Dr. B. N. Joshi also has the same view that patients feel more comfortable and relaxed with music.

Barts and the London NHS Trust, U.K. launched an extensive new project that uses music concerts at its three hospitals to help create a healing environment for thousands of patients. One of the patients, Susan Butler, aged 44, says, "Time in hospital can be boring but these concerts really change the atmosphere in the wards. It is so peaceful and you actually feel better as they are playing. It is lovely."

Many women are afraid of the pain associated with child birth but are reluctant to take medication because of its possible effects on the baby and progress of labour. Soft music does not have these effects, and thus has the potential to be an effective and widely used alternative to medication for easing pain during early active labour. Phumdoung has found that it can reduce the labouring mother's perception of pain and also her distress. Better pain management may speed recovery from child birth and improve the mother-infant relationship. The study was led by Sasitorn Phumdoung, a graduate of Case Western Reserve University, Frances Payne, Bolton School of Nursing.

At the 23rd annual scientific meeting of the American Society of Hypertension, Professor (Dr.) Pietro A. Modesti, Professor of Internal Medicine, Dept. of Critical Care Medicine, University of Florence, Italy, reported that patients with mild hypertension who listened to just half an hour of classical, celtic or raga music a day for four weeks experienced significant reductions in 24-hour ambulatory blood pressure (ABP). He said, "Listening to music is soothing and has often been associated with controlling patient-reported pain or anxiety and acutely reducing blood pressure but for the first time, today's results clearly illustrate the impact, daily music listening has on ABP. We are excited about the positive implications for both patients and physicians, who can now confidently explore music listening as a safe, effective, non-pharmacological treatment option or a complement to therapy."

Listening to music during physical activity may be the key to motivate people who dislike exercise, suggested by Christopher Capuano, Dept. of Psychology at Fairleigh Dickinson University, Teaneck, New Jersey at the annual meeting of NAASO, The Obesity Society in Vancouver. Prof. Christopher noted that one of the biggest problems with long-term weight control programs was the dropout rate and music may prompt participants to stick with their regime.

Recently, Dr. Girija Mohan in Kerela has been successful in treating a six-year old girl in coma with music. Thus we can deduce that practicing and listening to music is one of the most effective ways to keep our body fit and healthy. Aerobics are the good examples of this.

Lecturer in Music (V) Arya College,
Pathankot

M : 9417719798

ਬਸੰਤ ਪੰਚਮੀ ਦੇ ਅਵਸਰ 'ਤੇ

# ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਿਆਦਾ

## ਡਾ. ਗੁਰਨਾਮ ਸਿੰਘ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਵਿਚ ਪ੍ਰਕ੍ਰਿਤੀ ਦੇ ਮੌਲਵ ਤੇ ਵਿਗਸਣ ਦੀ ਪ੍ਰਕ੍ਰਿਆ ਦੇ ਪ੍ਰਤੀਕਾਤਮਕ ਚਿਤਰਣ ਦੁਆਰਾ ਆਤਮ ਵਿਗਾਸ ਦਾ ਸੁਨੇਹਾ ਦਿਤਾ ਗਿਆ ਹੈ। ਇਸ ਰਾਗ ਵਿਚ ਸਮੂਹ ਬਾਣੀਕਾਰ ਗੁਰੂ ਸਾਹਿਬਾਨ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਰਾਮਾਨੰਦ, ਭਗਤ ਰਾਮਦੇਵ ਅਤੇ ਭਗਤ ਰਵਿਦਾਸ ਜੀ ਦੀ ਇਲਾਹੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਬਾਣੀ ਵਿਚ ਬਸੰਤ ਦਾ ਇਕ ਹੋਰ ਪ੍ਰਕਾਰ ਬਸੰਤ ਹਿੰਡੋਲ ਵੀ ਖੂਬ ਪ੍ਰਯੋਗ ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬਸੰਤ ਦੇ ਸ਼ੁਭ ਆਗਮਨ ਤੇ ਮਨੁਖੀ ਮਨ ਨੂੰ ਮੁਮਾਰਖੀ ਸੁਨੇਹਾ ਦਿੰਦਿਆਂ ਆਤਮ ਵਿਗਾਸ ਦੁਆਰਾ ਚੜ੍ਹਦੀ ਕਲਾ ਵਿਚ ਟਿਕਣ ਦਾ ਮਾਰਗ ਦਰਸਾਇਆ ਹੈ। ਤੀਸਰੇ ਗੁਰੂ ਅਮਰਦਾਸ ਜੀ ਬਨਸਪਤੀ ਦੇ ਮਉਲਣ ਨਾਲ ਬਸੰਤ ਰੂਪ ਦੇ ਆਗਮਨ ਤੇ ਗੁਰੂ ਦੀ ਸੰਗਤ ਸੰਗ ਮੌਲਵ ਤੇ ਵਿਗਸਣ ਦੀ ਬਾਤ ਪਾ ਰਹੇ ਹਨ। ਗੁਰੂ ਅਰਜਨ ਪਾਤਸ਼ਾਹ ਇਸ ਕਲਜੁਗ ਵਿਚ ਨਾਮ ਬੀਜਣ ਦੇ ਸੁਨੇਹਾ ਦਿੰਦਿਆਂ ਦਰਸਾ ਰਹੇ ਹਨ ਕਿ ਉਸ ਗ੍ਰਹਿ ਵਿਚ ਬਸੰਤ ਦਾ ਆਤਮਿਕ ਖੇੜਾ ਵਿਗਾਸ ਤੇ ਟਿਕਾਅ ਪ੍ਰਵੇਸ਼ ਕਰੇਗਾ ਜਿਥੇ ਉਸ ਹਰਿ ਕੀਰਤਨ ਦੀ ਧੁਨੀ ਗੂੰਜਰਿਤ ਰਹੇਗੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਮਨੁਖੀ ਮਨ ਨੂੰ ਬਾਰ ਬਾਰ ਚੇਤਾ ਰਹੀ ਹੈ ਕਿ ਤੇਰੇ ਸੰਗ ਕੇਵਲ ਇਕੋ ਪ੍ਰਭੂ ਭਗਤੀ ਨੇ ਹੀ ਜਾਣਾ ਹੈ। ਇਸ ਲਈ ਇਕ ਮਨ ਇਕ ਚਿਤ ਇਕ ਰਸ ਹੋ ਕੇ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ।

ਭਗਤ ਕਬੀਰ ਜੀ ਦਾ ਸ਼ਬਦ "ਮਉਲੀ ਧਰਤੀ ਮਉਲਿਆ ਆਕਾਸ਼", ਰਾਮਾਨੰਦ ਜੀ ਦਾ ਸ਼ਬਦ "ਕਤ ਜਾਈਐ ਰੇ ਘਰੁ ਲਾਗੋ ਰੰਗ", ਇਸ ਰਾਗ ਦੀ ਵਿਸ਼ੇਸ਼ ਸ਼ਬਦ ਰਚਨਾਵਾਂ ਹਨ। ਬਸੰਤ ਰਾਗ ਦੀ ਸਮੁੱਚੀ ਬਾਣੀ ਦਾ ਉਦੇਸ਼ ਮਨੁਖੀ ਮਨਾਂ ਨੂੰ ਸਦੀਵੀ ਖੇੜਾ ਪ੍ਰਦਾਨ ਕਰਨਾ ਹੈ।

ਇਸ ਤਰ੍ਹਾਂ ਬਸੰਤ ਰਾਗ ਦੀ ਬਾਣੀ ਸਾਡੇ ਜੀਵਨ ਚੱਕਰ ਵਿਚ ਅਹਿਮ ਹੈ। ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਰਾਗਾਂ ਦੇ ਕਾਲ ਚੱਕਰ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਸਮਿਆਂ 'ਤੇ ਹੋਣ ਵਾਲੀਆਂ ਕੀਰਤਨ ਪੇਸ਼ਕਾਰੀਆਂ ਨੂੰ ਕੀਰਤਨ ਚੌਕੀ ਕਿਹਾ ਜਾਂਦਾ ਹੈ। ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਕਾਨੜ੍ਹੇ ਦੀ ਚੌਕੀ ਆਦਿ। ਰੁੱਤਾਂ ਨਾਲ ਸਬੰਧਤ ਦੋ ਅਹਿਮ ਕੀਰਤਨ ਚੌਕੀਆਂ ਸਾਵਣ ਰੁਤੇ ਮਲ੍ਹਾਰ ਤੇ ਬਸੰਤ ਰੁਤ ਵਿਚ ਬਸੰਤ ਦੀ ਕੀਰਤਨ ਚੌਕੀ ਹੈ। ਆਸਾ ਦੀ ਵਾਰ, ਸੋ ਦਰੁ ਦੀ ਕੀਰਤਨ ਚੌਕੀ ਤੋਂ ਬਾਅਦ ਬਸੰਤ ਦੀ ਕੀਰਤਨ ਚੌਕੀ ਦੇ ਗਾਇਨ ਦਾ ਪ੍ਰਚਲਨ ਅਜੇ ਵੀ ਰਾਗੀਆਂ ਵਿਚ ਹੈ। ਇਹ ਪ੍ਰਸੰਨਤਾ ਤੇ ਸ਼ਲਾਘਾ ਦਾ ਵਿਸ਼ਾ ਹੈ।

ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਿਆਦਾ ਅਨੁਸਾਰ ਬਸੰਤ ਰਾਗ 'ਤੇ ਅਧਾਰਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਿਰ ਸਾਹਿਬ ਵਿਖੇ ਲੋਕ ਸੰਗੀਤਕ ਅੰਗ ਤੋਂ ਕੀਤੇ ਜਾਣ ਵਾਲੇ ਵਾਰੀਆਂ ਦੇ ਕੀਰਤਨ ਵਿਚ ਵੀ ਬਸੰਤ ਰੁਤ ਵਿਚ ਬਸੰਤ ਰਾਗ ਦੇ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ ਹਰ ਕੀਰਤਨ ਚੌਕੀ ਵਿਚ ਕਰਨ ਦੀ ਪ੍ਰਥਾ ਹੈ। ਹੋਲੇ ਮਹੱਲੇ ਤੋਂ ਪਹਿਲੀ ਰਾਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਸੰਤ ਰਾਗ ਅਤੇ ਹੋਲੀ ਨਾਲ ਸਬੰਧਤ ਸ਼ਬਦਾਂ ਦੇ ਗਾਇਨ ਤੇ ਅਧਾਰਿਤ ਵਿਸ਼ੇਸ਼ ਰਾਗ ਦਰਬਾਰ ਦੀ ਪ੍ਰਥਾ ਅਜ ਤੱਕ ਪ੍ਰਚਲਿਤ ਹੈ ਜਿਸ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਵੀ ਬਸੰਤ ਤੇ ਬਸੰਤ ਦੇ ਪ੍ਰਕਾਰਾਂ ਵਿਚ ਕਰ ਲਿਆ ਜਾਂਦਾ ਹੈ। ਇਥੇ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਉਂਝ ਵੀ ਬਸੰਤ ਰਾਗ ਆਪਣੇ ਸਮੇਂ ਅਨੁਸਾਰ ਸ਼ੁੱਧ ਬਸੰਤ ਦੁਪਹਿਰ ਤੇ ਬਸੰਤ (ਪੂਰਵੀ) ਮੱਧ ਰਾਤ ਨੂੰ ਗਾਇਆ ਜਾਂਦਾ ਹੈ। ਬਸੰਤ ਰੁਤ ਸਮੇਂ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ ਪ੍ਰਥਾ ਹੈ। ਗੁਰੂ ਘਰ ਵਿਚ ਪੁਰਾਤਨ ਬਸੰਤ ਸ਼ੁੱਧ ਸੁਰਾਂ ਵਾਲਾ ਬਿਲਾਵਲ ਥਾਟ ਵਾਲਾ ਬਸੰਤ ਪ੍ਰਚਲਤ ਰਿਹਾ। ਵਰਤਮਾਨ ਸਮੇਂ ਬਸੰਤ ਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰੂਪ ਕੀਰਤਨੀਆਂ ਵਿਚ ਖੂਬ ਉਤਸ਼ਾਹ ਨਾਲ ਗਾਏ ਵਜਾਏ ਜਾਂਦੇ ਹਨ।

ਜਿਥੇ ਕਿਤੇ ਵੀ ਕੀਰਤਨ ਹੁੰਦਾ ਹੈ ਕੀਰਤਨੀਏ ਇਸ ਰੁੱਤੇ ਬਸੰਤ ਰਾਗ ਵਿਚ ਸ਼ਬਦ ਤੇ ਬਸੰਤ ਕੀ ਵਾਰ ਮਹੱਲਾ ਪੰਜਵਾਂ ਦੀਆਂ ਵਿਚੋਂ ਪਉੜੀਆਂ ਦਾ ਗਾਇਨ ਜ਼ਰੂਰ ਕਰਦੇ ਹਨ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਰਾਗ ਤੇ ਸੰਗੀਤ ਦੀ ਨਾਦਾਤਮਕ ਸ਼ਕਤੀ ਜੋ ਸਾਡੇ ਸਭਿਆਚਾਰਕ ਧਰਾਤਲ ਦੀ ਵੱਡੀ ਧਰੋਹਰ ਨੂੰ ਸਦੀਵੀ ਰੂਪ ਵਿਚ ਸੰਭਾਲਦਿਆਂ ਇਸ ਦੇ ਪ੍ਰਯੋਗ ਨੂੰ ਚਿਰੰਜੀਵਤਾ ਪ੍ਰਦਾਨ ਕੀਤੀ ਹੈ। ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਇਹ ਰਾਗ ਅੱਜ ਜਿਥੇ ਸਾਡੇ ਮਨ੍ਹਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉਥੇ ਭਾਰਤੀ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਵੀ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਤੇ ਪਰਚਾਰਿਆ।

**ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਬੀਬੀ ਜਸਬੀਰ ਕੌਰ ਖਾਲਸਾ : ਸ਼ਰਧਾਂਜਲੀ ਸਮਾਰੋਹ

ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਸਥਾਪਤ ਕਰਵਾਉਣ ਵਾਲੀ ਸ਼ਖਸੀਅਤ ਬੀਬੀ ਜਸਬੀਰ ਕੌਰ ਖਾਲਸਾ, ਚੇਅਰਪਰਸਨ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਸ਼ਰਧਾਂਜਲੀ ਸਮਾਰੋਹ ਵਿਚ ਬੀਬੀ ਜੀ ਦੀ ਸਿਮ੍ਰਤੀ ਨੂੰ ਸਦੀਵੀ ਬਨਾਉਣ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਵਿਸ਼ੇਸ਼ ਐਲਾਨ ਕੀਤੇ ਗਏ।

ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਅਨੁਸਾਰ ਅਗਾਂਹ ਤੋਂ ਗੁਰਮਤਿ ਸੰਗੀਤ ਚੇਅਰ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਈ ਤੌਰ ਤੇ ਵਿੱਤੀ ਸਹਾਇਤਾ ਦਿਤੀ ਜਾਇਆ ਕਰੇਗੀ ਤਾਂ ਕਿ ਇਹ ਚੇਅਰ ਗੁਰਮਤਿ ਸੰਗੀਤ ਦਾ ਪ੍ਰਚਾਰ ਪਾਸਾਰ ਕਰ ਸਕੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਬੀਬੀ ਜੀ ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਭਵਨ ਵਿਖੇ 'ਬੀਬੀ ਜਸਬੀਰ ਕੌਰ ਖਾਲਸਾ ਗੁਰਮਤਿ ਸੰਗੀਤ ਮਿਊਜ਼ਿਅਮ' ਦੀ ਸਥਾਪਨਾ ਕਰੇਗੀ। ਇਸ ਦੇ ਨਾਲ ਹੀ ਹਰ ਵਰ੍ਹੇ ਇਕ ਗੁਰਮਤਿ ਸੰਗੀਤਾਚਾਰੀਆ ਨੂੰ ਇਕ ਲੱਖ ਰੁਪਏ ਦੀ 'ਬੀਬੀ ਜਸਬੀਰ ਕੌਰ ਸੀਨੀਅਰ ਫੈਲੋਸ਼ਿਪ' ਪ੍ਰਦਾਨ ਕੀਤੀ ਜਾਇਆ ਕਰੇਗੀ ਅਤੇ ਬੀਬੀ ਜੀ ਦੀ ਸਿਮ੍ਰਤੀ ਵਿਚ ਸਲਾਨਾ ਸਿਮ੍ਰਤੀ ਸਮਾਰੋਹ ਵੀ ਆਯੋਜਿਤ ਹੋਇਆ ਕਰੇਗਾ ਜਿਸ ਨਾਲ ਬੀਬੀ ਖਾਲਸਾ ਦੁਆਰਾ ਕੀਤੇ ਗਏ ਕਾਰਜਾਂ ਦੀ ਬੁਨਿਆਦੀ ਭਾਵਨਾ ਨੂੰ ਅਗਾਂਹ ਤੋਰਿਆ ਜਾ ਸਕੇਗਾ।

ਗੁਰਮਤਿ ਸੰਗੀਤ ਦੇ ਪ੍ਰਚਾਰਕ ਸ. ਜਸਬੀਰ ਸਿੰਘ ਜਵੱਦੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਵਜੋਂ ਸਨਮਾਨਤ ਕਰਦਿਆਂ ਗੁਰਮਤਿ ਸੰਗੀਤ ਚੇਅਰ ਵਿਚ ਨਿਯੁਕਤੀ ਦੇਣ ਦਾ ਐਲਾਨ ਵੀ ਕੀਤਾ ਗਿਆ। ਡਾ. ਗੁਰਨਾਮ ਸਿੰਘ, ਪ੍ਰੋਫੈਸ਼ਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਵਲੋਂ ਸਮੂਹ ਸੰਸਥਾਵਾਂ ਵਿਸ਼ੇਸ਼ ਕਰਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਅਤੇ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਗੁਰਦੁਆਰਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਬੀ ਜੀ ਦੇ ਸ਼ਰਧਾਂਜਲੀ ਸਮਾਗਮ ਵਿਚ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਤ੍ਰਿਲੋਚਨ ਸਿੰਘ, ਬਾਬਾ ਹਰਨਾਮ ਸਿੰਘ ਧੁੰਮਾ, ਵਾਈਸ-ਚਾਂਸਲਰ ਡਾ. ਐਸ.ਪੀ. ਸਿੰਘ, ਸਿੰਘ ਬੰਧੂ ਸ. ਸੁਰਿੰਦਰ ਸਿੰਘ; ਸੰਤ ਸਮਾਜ, ਪ੍ਰਸਿਧ ਕੀਰਤਨੀਏ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਗੁਰਮਤਿ ਸੰਗੀਤ ਵਿਭਾਗ, ਗੁਰਮਤਿ ਸੰਗੀਤ ਚੇਅਰ, ਪੰਜਾਬੀ ਅਕਾਦਮੀ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ।

ਇਸ ਸਮੇਂ ਬੀਬੀ ਜੀ ਦੇ ਜੀਵਨ ਉਤੇ ਪ੍ਰਕਾਸ਼ਤ ਸਾਹਿਤ ਵੀ ਵੰਡਿਆ ਗਿਆ।

ਪਰਿਵਾਰ ਵਲੋਂ ਬੀਬੀ ਜੀ ਦੇ ਭਰਾਤਾ ਸ. ਜਤਿੰਦਰ ਸਿੰਘ ਨੇ ਸਮੂਹ ਸੰਗਤਾਂ ਤੇ ਵਿਸ਼ੇਸ਼ ਸ਼ਖਸੀਅਤਾਂ ਦਾ ਧੰਨਵਾਦ ਕੀਤਾ।


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਚੌਂਕੀ ਸਾਹਿਬ ਦੀ ਕੀਰਤਨ ਪਰੰਪਰਾ

ਡਾ. ਗੁਰਨਾਮ ਸਿੰਘ'

ਗੁਰੂਸਾਹਿਬਾਨ ਨੇ ਸਿੱਖ ਧਰਮ ਵਿਚ ਸੰਗੀਤ ਨੂੰ ਬੁਨਿਆਦੀ ਮਹੱਤਵ ਦਿੱਤਾ ਹੈ। ਸਿੱਖ ਧਰਮ ਵਿਚ ਪ੍ਰਚਲਿਤ ਵੱਖ-ਵੱਖ ਸੰਗੀਤ ਧਾਰਨਾਵਾਂ ਇਸ ਤੱਥ ਦਾ ਪ੍ਰਮਾਣ ਹਨ। ਸ੍ਰੀ ਗੁਰੂਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਰਾਗਾਤਮਕ ਸ਼ਬਦ ਕੀਰਤਨ ਪਰੰਪਰਾ, ਲੋਕ ਸੰਗੀਤਕ ਅੰਗ ਤੋਂ ਚੌਂਕੀ ਸਾਹਿਬ ਦੀ ਪਰੰਪਰਾ, ਲੋਕ ਸਾਜ਼ਾਂ ਨਾਲ ਜੋਟੀਆ ਸਾਜ਼ਤੋਂ ਬਿਨਾਂ ਸਿੱਧੀਆਂ ਧਾਰਨਾਵਾਂ ਵਿਚ ਬਾਣੀ ਦਾ ਗਾਇਨ, ਢਾਡੀ ਕਲਾ, ਕਵੀਸ਼ਰੀ ਕਲਾ ਦੀ ਪਰੰਪਰਾ ਸਦੀਆਂ ਤੋਂ ਸਿੱਖ ਧਰਮ ਵਿਚ ਪ੍ਰਚਲਿਤ ਹੈ ਜਿਸ ਨਾਲ ਗੁਰ ਸ਼ਬਦ ਤੇ ਗੁਰ ਇਤਿਹਾਸ ਦੁਆਰਾ ਸਿੱਖ ਧਰਮ ਦਾ ਨਿਰੰਤਰ ਪਰਚਾਰ ਹੋ ਰਿਹਾ ਹੈ। ਗੁਰੂਸਾਹਿਬ ਨੇ ਸ਼ਾਸਤਰੀ ਸੰਗੀਤ ਦੀ ਸਨਾਤਨੀ ਪਰੰਪਰਾ ਅਤੇ ਲੋਕ ਸੰਗੀਤ ਦੀ ਦੇਸੀ ਪਰੰਪਰਾ ਦੇ ਵੱਖ-ਵੱਖ ਵਿਭਿੰਨ ਗਾਇਨ ਰੂਪ, ਧੁਨੀਆਂ ਤੇ ਸਾਜ਼ਾਂ ਦਾ ਭਰੂਪਰ ਪ੍ਰਯੋਗ ਕੀਤਾ ਹੈ।

ਰਾਗੀਆਂ ਰਬਾਬੀਆਂ ਦੁਆਰਾ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗਾਤਮਕ ਪਰੰਪਰਾ ਤੋਂ ਇਲਾਵਾ ਗੁਰੂਹਰਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵਰਗੇ ਮੋਹਰੀ ਗੁਰਸਿੱਖਾਂ ਦੀ ਅਗਵਾਈ ਵਿਚ ਦਰਬਾਰ ਸਾਹਿਬ ਦੀ ਪਰਿਕ੍ਰਮਾ ਕਰਦੇ ਹੋਏ ਚੌਂਕੀ ਸਾਹਿਬ ਕੱਢਣ ਦੀ ਪਰੰਪਰਾ ਚਲਾਈ।

ਚੌਂਕੀ ਸਾਹਿਬ ਦੀ ਇਹ ਕੀਰਤਨ ਪਰੰਪਰਾ (ਵਾਰੀਆਂ ਦਾ ਕੀਰਤਨ) ਸੰਗੀਤ ਦੇ ਖੇਤਰ ਵਿਚ ਵਿਲੱਖਣ ਸਰੂਪ ਰਖਦੀ ਹੈ ਜਿਸ ਦਾ ਸਾਧਾਰਨ ਕੀਰਤਨ ਵਿਚ ਨਿਸ਼ਚਿਤ ਨਹੀਂ ਹੋ ਸਕਿਆ ਜਦੋਂ ਕਿ ਇਸ ਪਰੰਪਰਾ ਦਾ ਗਾਇਨ ਗੁਰਮਤਿ ਸੰਗੀਤ ਦੇ ਲੋਕ ਗਾਇਨ ਪ੍ਰਵਾਹ ਤੋਂ ਨਿਰਾਲਾ ਅਤੇ ਵੱਖਰੇ ਸੰਗੀਤ ਵਿਗਿਆਨ ਦਾ ਧਾਰਨੀ ਹੈ। ਇਤਿਹਾਸ ਅਨੁਸਾਰ ਇਸ ਪਰੰਪਰਾ ਦਾ ਆਰੰਭ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਾਲ ਤੋਂ ਹੋਇਆ। ਸਿੱਖ ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਡਰੋਲੀ ਨਗਰ ਵਿਖੇ ਭਾਈ ਸਾਂਈ ਦਾਸ ਤੇ ਬੀਬੀ ਰਾਮ ਬਾਈ ਕੋਲ ਉਨ੍ਹਾਂ ਦੀ ਸ਼ਰਧਾ ਪੂਰਨ ਲਈ ਗਏ ਅਤੇ ਉਥੇ ਕੁਝ ਸਮਾਂ ਟਿਕ ਗਏ। ਉਹਨਾਂ ਤੋਂ ਪਿੱਛੋਂ ਸੰਗਤਾਂ ਗੁਰੂ ਦੀਦਾਰ ਲਈ ਵਿਆਕੁਲ ਹੋਣ ਲੱਗੀਆਂ। ਇਸੇ ਤਰ੍ਹਾਂ ਛੇਵੇਂ ਗੁਰੂ ਸਾਹਿਬ ਦੇ ਗਵਾਲੀਅਰ ਕਿਲੇ ਵਿਖੇ ਨਜ਼ਰਬੰਦ ਹੋਣ ਸਮੇਂ ਸੰਗਤਾਂ ਗੁਰੂ ਸਾਹਿਬ ਤੋਂ ਪਿੱਛੋਂ ਬਾਬਾ ਬੁੱਢਾ ਜੀ ਨੇ ਸਿੱਖ ਸੰਗਤਾਂ ਨੂੰ ਕੀਰਤਨ ਦੁਆਰਾ ਗੁਰੂ-ਬਦ ਨਾਲ ਜੁੜਨ ਲਈ ਪ੍ਰੇਰਨਾ ਅਤੇ ਉਤਸ਼ਾਹ ਦਿੱਤਾ ਅਤੇ ਸਮੂਹ ਸੰਗਤਾਂ ਨੇ ਮਿਲ ਕੇ ਸਾਧਾਰਨ ਧੁਨਾਂ ਉੱਤੇ ਕੀਰਤਨ ਦਾ ਇਹ ਪਰਵਾਹ ਚਲਾਇਆ।

ਇਸ ਸ਼ਬਦ ਕੀਰਤਨ ਚੌਂਕੀ ਦੇ ਸਮੇਂ, ਵਿਧੀ ਅਤੇ ਸਥਾਨ ਬਾਰੇ 'ਸੂਰਜ ਪ੍ਰਕਾਸ਼ ਵਿਚ ਇਉਂ ਵਰਣਨ ਹੈ : ਸੰਧਿਆ ਮਹਿ ਸੋਦਰੁ ਪਠ ਕਰਕੈ॥ ਭੋਗ ਪਰੇ ਤੇ ਸਰਧਾ ਧਰਕੈ॥ ਕਰ ਬੰਦਹਿ ਬੰਦਨ ਕਰ ਆਛੈ॥ ਬਹੁਤ ਚਲਹਿ ਸਤਿਗੁਰ ਕੇ ਪਾਛੈ॥ ਬੜੀ ਪ੍ਰਦੱਛਨਾ ਸਰ ਕੀ ਦੇਹਿ॥ ਪੌਰ ਦਰਸਨੀ ਦਰਸਨ ਲੇਹਿ॥ ਅੰਤਰ ਕੀ ਪ੍ਰਕਰਮਾ ਕਰੈ॥ ਨਿੰਮਰੀ ਹੋਤ ਪ੍ਰੇਮ ਕੋ ਧਰੇ॥ ਭਾਈ ਬ੍ਰਿਧ ਸਭ ਸਿੱਖ ਗੁਰਦਾਸ॥ ਗਾਵਤ ਚੌਕੀ ਸ਼ਬਦ ਪ੍ਰਕਾਸ਼॥ ਸਨੇ ਸਨੇ ਪ੍ਰਦੱਛਨ ਦੇਤੇ॥ ਸਬਦ ਪੜਤ ਸਮਝਤ ਸੁਖ ਲੇਤੇ॥ਏਹ॥ ਦੇਖਤੇ ਭਹੈ ਪ੍ਰਸੰਨ ਬਲੰਦ॥ ਬੰਦਤ ਭਹੈ ਸ੍ਰੀ ਹਰਿ ਗੋਬਿੰਦ॥ ਧੰਨ ਬ੍ਰਿਧ ਭਾਈ ਸੁਭ ਰੀਤ॥ ਕਰੀ ਸੁਧਾਰਸਰ ਪਰ ਧਰਿ ਪ੍ਰੀਤ॥ (ਏ ਵਾਰੀਆਂ (ਪਹਿਲੀ ਚੌਂਕੀ ਸਾਹਿਬ) ਪ੍ਰਕਾਸ਼ ਵਜੀਰ ਹਿੰਦ ਪ੍ਰੈਸ, ਹਾਲ ਬੇਜ਼ਾਰ, ਅੰਮ੍ਰਿਤਸਰ, ਪੰਨਾ ੧-੨) ਉਪਰੋਕਤ ਅਨੁਸਾਰ ਵੱਖ ਵੱਖ ਵਾਰੀਆਂ ਦੀ ਕੀਰਤਨ ਚੌਂਕੀ ਪਰੰਪਰਾ ਅੱਜ ਵੀ ਵਿਦਮਾਨ ਹੈ। ਇਸ ਵਾਰੀਆਂ ਦੀ ਇਸ ਪਰੰਪਰਾ ਦੇ ਸ਼ਰਧਾਲੂਆਂ ਵਲੋਂ ਗੁਟਕੇ ਤਿਆਰ ਕੀਤੇ ਗਏ ਹਨ। ਜਿਸ ਤੋਂ ਇਸ ਕੀਰਤਨ ਵਿਚ ਭਾਗ ਲੈਣ ਵਾਲੇ ਕੀਰਤਨ ਪ੍ਰੇਮੀ ਸ਼ਬਦ ਯਾਦ ਕਰਦੇ ਹਨ। ਵਾਰੀਆਂ ਦੇ ਕੀਰਤਨ ਦੇ ਗੁਟਕਿਆਂ ਵਿਚ ੧੯ ਵਾਰੀਆਂ ਦੇ ਸ਼ਬਦ ਕ੍ਰਮ ਅਨੁਸਾਰ ਦਿੱਤੇ ਮਿਲਦੇ ਹਨ। ਉਕਤ ਉੱਨੀ ਵਾਰੀਆਂ ਤੋਂ ਇਲਾਵਾ ਬਸੰਤ ਰਾਗ ਦੀਆਂ ਛੇ ਵਾਰੀਆਂ ਦੀ ਪਰੰਪਰਾ ਵੀ ਵਿਸ਼ੇਸ਼ ਹੈ ਜਿਸ ਦਾ ਪ੍ਰਚਲਨ ਵਰਤਮਾਨ
ਸਮੇਂ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈ। ਇਹ ਧਾਰਨਾ ਪ੍ਰਚਲਿਤ ਹੈ ਕਿ ਸ੍ਰੀ ਗੁਰੂਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਬਸੰਤ ਰਾਗ ਦੀ ਰੀਤ ਮਾਘ ਦੀ ਪਹਿਲੀ ਤੋਂ ਲੈ ਕੇ ਹੋਲੇ ਮਹਲੇ ਤਕ ਬਸੰਤ ਰਾਗ ਦੇ ਸ਼ਬਦ ਅਤੇ ਸਵੈਯੇ ਪੜ੍ਹਨ ਦੀ ਆਗਿਆ ਕੀਤੀ। ਤਦ ਤੋਂ ਹੀ ਖਾਲਸਾ ਪੰਥ ਵਿਚ ਇਸ ਰਾਗ ਦੇ ਸ਼ਬਦ ਅਤੇ ਸਵੈਯੇ ਪੜ੍ਹਨ ਦਾ ਰਿਵਾਜ਼ ਹੈ। ਸ੍ਰੀ ਦਰਬਾਰ ਸਾਹਿਬ ਵਿਚ ਇਹ ਰਸਮ ਸ਼ਹੀਦਾਂ ਦੇ ਸਿਰਤਾਜ ਭਾਈ ਮਨੀ ਸਿੰਘ ਜੀ ਨੇ ਪ੍ਰਚਲਿਤ ਕੀਤੀ। ਉਦੋਂ ਤੋਂ ਹੀ ਸ੍ਰੀ ਚੌਂਕੀ ਸਾਹਿਬ ਨਾਲ ਇਹ ਨਿਰਧਾਰਤ ਸ਼ਬਦ ਛੇ ਵਾਰੀਆਂ ਵਿਚ ਪੜ੍ਹੇ ਜਾਂਦੇ ਹਨ।

ਦਰਬਾਰ ਸਾਹਿਬ ਦੀ ਵਾਰੀਆਂ ਦੀ ਚੌਂਕੀ ਸਾਹਿਬ ਕੀਰਤਨ ਪਰੰਪਰਾ ਦਾ ਨਜ਼ਾਰਾ ਵਿਸਮਾਦਤ ਕਰਨ ਵਾਲਾ ਹੈ ਜਿਸ

ਵਿਚ ਮੈਲੋਡੀ ਤੇ ਹਾਰਮੋਨੀ ਦੇ ਸਮੇਲ ਦੁਆਰਾ ਸਮੂਹ ਗਾਨ ਦਾ ਉਤਕ੍ਰਿਸ਼ਟ ਨਮੂਨਾ ਸਹਿਜ ਰੂਪ ਵਿਚ ਹੀ ਪ੍ਰਸਤੁਤ ਹੋ ਰਹਿਆ ਹੁੰਦਾ ਹੈ। ਸ੍ਰੀ ਚੌਕੀ ਸਾਹਿਬ ਦੇ ਅੱਗੇ ਵਾਰੀ ਆਰੰਭ ਕਰਨ ਵਾਲੇ ਸਿੰਘ, ਸ਼ਬਦ ਦੀ ਪੰਕਤੀ ਉਠਾਉਂਦੇ ਹਨ ਅਤੇ ਉਨ੍ਹਾਂ ਦੇ ਪਿੱਛੇ ਕੁਝ ਕੁ ਦੂਰੀ ਉੱਤੇ ਆ ਰਹੀਆਂ ਸੰਗਤਾਂ ਬੜੀ ਸ਼ਰਧਾ ਸਹਿਤ ਉਸ ਹੀ ਧਾਰਨਾ ਉੱਤੇ ਉਨ੍ਹਾਂ ਸ਼ਬਦ ਪੰਕਤੀਆਂ ਦਾ ਗਾਇਨ ਕਰਦੀਆਂ ਹਨ। ਵਾਰੀ ਵਾਰੀ ਇਨ੍ਹਾਂ ਪੰਕਤੀਆਂ ਦੇ ਗਾਇਨ ਦੀ ਵਿਧੀ ਵਿਸ਼ੇਸ਼ ਹੋ ਨਿਬੜਦੀ ਹੈ। ਕਿਉਂ ਜੋ ਇਹ ਸ਼ਬਦ ਵਿਸ਼ੇਸ਼ ਗੁਟਕਿਆਂ ਦੁਆਰਾ ਸੰਗਤਾਂ ਨੂੰ ਪਹਿਲਾਂ ਹੀ ਜਬਾਨੀ ਯਾਦ ਹੁੰਦੇ ਹਨ। ਕਿਵੇਂ ਘੰਟਿਆਂ ਬੱਧੀ ਸੰਗਤਾਂ ਇਕ ਮਨ ਇਕ ਚਿਤ ਹੋ ਕੇ ਇਕ ਦੂਸਰੇ ਨਾਲ ਸੁਰ, ਤਾਲ ਤੇ ਲੈਅ ਵਿਚ ਮਿਲ ਕੇ ਗਾਇਨ ਕਰਦੀਆਂ ਹਨ। ਇਹ ਗੁਰੂ ਵਰੋਸਾਈ ਸੰਗੀਤ ਵਿਰਾਸਤ ਦੀ ਅਦੁੱਤੀ ਮਿਸਾਲ ਹੈ।

ਵਾਰੀਆਂ ਦੀ ਚੌਕੀ ਸਾਹਿਬ ਦੀ ਕੀਰਤਨ ਪ੍ਰਣਾਲੀ ਦੀ ਹਰ ਵਾਰੀ ਅੰਤ ਵਿਚ ਭੋਗ ਸਮੇਂ ਪਉੜੀਆਂ, ਬਸੰਤ ਵਾਰ ਅਤੇ ਭਾਈ ਗੁਰਦਾਸ ਜੀ ਦੀਆਂ ਪਉੜੀਆਂ ਲਗਾਈਆਂ ਜਾਂਦੀਆਂ ਹਨ।

ਚੌਕੀ ਕੀਰਤਨ ਦੀ ਇਹ ਸੇਵਾ ਭਾਈ ਗੁਰਬਖਸ਼ ਸਿੰਘ ਤੋਂ ਪੰਜੇ ਪੀੜੀਆਂ ਤਕ ਉਨ੍ਹਾਂ ਦੇ ਵੰਸ਼ਾਂ ਦੁਆਰਾ ਅੱਜ ਵੀ ਜਾਰੀ ਹੈ। ਜਿਹੜੇ ਗੁਰਸਿੱਖ ਸਦੀਆਂ ਤੋਂ ਗਾਇਨ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ ਉਹ ਧੰਨਤਾ ਦੇ ਯੋਗ ਹਨ। ਜਦੋਂ ਵਾਰੀ ਵਾਰੀ ਪੰਕਤੀਆਂ ਦਾ ਉਠਾਨ ਹੋ ਰਿਹਾ ਹੁੰਦਾ ਹੈ ਤਾਂ ਇਸ ਕੀਰਤਨ ਗਾਇਨ ਪਰੰਪਰਾ ਵਿਚੋਂ ਉਪਜਣ ਵਾਲੀ ਹਾਰਮੋਨੀ ਸੰਗੀਤ ਦੇ ਜਿਗਿਆਸੂਆਂ ਤੇ ਵਿਦਿਆਰਥੀਆਂ ਨੂੰ ਇਸ ਦੇ ਗਹਿਰੇ ਸੰਗੀਤਕ ਅਧਿਐਨ ਵੱਲ ਪ੍ਰੇਰਿਤ ਕਰਦੀਆਂ ਹਨ।

ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ
ਯੂਨੀਵਰਸਿਟੀ, ਪਟਿਆਲਾ

HELP NEEDY
SHARE THE BLESSINGS
HELP NEEDY

● TO LIVE LONG
LEAD NATURAL LIFE

● TO LIVE MEANINGFULL LIFE
JOIN TEAM HELP NEEDY

● TO LIVE FOR EVER
DONATE

● BLOOD ● EYES ● TISSUES ● ORGANS ● WHOLE BODY

A UNIQUE GIFT OF LIFE

AN ISO 9001 - 2000 CERT. TRUST

SEWAKS' Charitable Trust (Regd.)

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806
E-mail : sewaks@sewaks-helpneedy.com, website : www.sewaks-helpneedy.com
B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154
TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula
TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar
ASSOCIATES : Gurmat Parsar Medical Sewa Centre, Mundi Kharar, Distt. S.A.S. Nagar (Punjab)
ASSIST-HELP : Like minded Charitable Institutes having similar Aims & Objects

IN THE SERVICE OF HUMANITY. SINCE 1994

# ਸੁਰ ਲਿਪੀ

ਜਬਰਜੰਗ ਸਿੰਘ

| | | | | | |
|---|---|---|---|---|---|
| ਰਾਗ | : | ਸਾਰੰਗ | ਜਾਤੀ | : | ਔੜਵ-ਔੜਵ |
| ਥਾਟ | : | ਕਾਫੀ | ਵਾਦੀ ਸੁਰ | : | ਰਿਸ਼ਭ (ਰੇ) |
| ਸੁਰ | : | ਦੋਵੇਂ ਨਿਸ਼ਾਦ (ਨ਼ੀ ਨੀ) | ਸੰਵਾਦੀ ਸੁਰ | : | ਪੰਚਮ (ਪ) |
| ਵਰਜਿਤ ਸੁਰ | : | ਗੰਧਾਰ, ਧੈਵਤ (ਗ, ਧ) | ਸਮਾਂ | : | ਦੁਪਹਿਰ ਦਾ |
| ਆਰੋਹ | : | ਸ ਰੇ ਮ ਪ, ਨੀ ਸਂ | ਅਵਰੋਹ | : | ਸਂ ਨ਼ੀ ਪ, ਮ ਰੇ ਸ |

ਵਿਸ਼ੇਸ਼ ਸੁਰ ਸੰਗਤੀ : ਨ਼ੀ ਸ ਰੇ, ਮ ਰੇ, ਪ ਮ ਰੇ, ਨ਼ੀ ਸ

**ਤਾਲ ਰੂਪਕ**

| × 0 | | | 1 | | 2 | |
|---|---|---|---|---|---|---|
| **ਸਥਾਈ :** | | | | | | |
| ਸਂ | -ਸਂ | ਨੀ | ਸਂ | - | - | - |
| ਦੂ | Sਰਿ | ਨਾ | ਹੀ | S | S | S |
| ਪ | -ਨ਼ੀ | ਪ | ਨ਼ੀ | - | - | - |
| ਦੂ | Sਰਿ | ਨਾ | ਹੀ | S | S | S |
| ਮ | -ਪ | ਮ | ਪ | - | ਰੇ | - |
| ਦੂ | Sਰਿ | ਨਾ | ਹੀ | S | ਮੇ | S |
| ਰੇ | ਰੇ | ਸ | ਰੇ | - | ਸ | - |
| ਰੋ | ਪ੍ਰ | ਭ | ਪਿਆ | S | ਰਾ | S |
| ਸ | ਸ | ਨ਼ੀ | ਰੇ | ਰੇ | ਸ | ਸ |
| ਸਤਿ | ਗੁ | ਰ | ਬ | ਚ | ਨਿ | ਮੇ |
| ਰੇ | ਮ | ਮ | ਪ | ਮ | ਪ | - |
| ਰੋ | ਮ | ਨੁ | ਮਾ | ਨਿ | ਆ | S |
| ਮ | ਪ | ਪ | ਨੀ | ਨੀ | ਸਂ | ਰੇਂ |
| ਹਰਿ | ਪਾ | ਏ | ਪ੍ਰਾ | S | ਨ | ਅ |
| ਨੀ | - | - | ਸਂ | - | - | - |
| ਧਾ | S | S | ਰਾ | S | S | S |
| ਸਂ | ਸਂ | ਨ਼ੀ | ਪ | ਮ | ਰੇ | ਸ |
| ਹ | ਰਿ | ਪਾ | ਏ | S | ਪ੍ਰਾ | ਨਅ |
| ਰੇ | - | - | ਸ | - | ਪਨ਼ੀ | ਮਪ |
| ਧਾ | S | S | ਰਾ | S | SS | SS |

| × 0 | | | 1 | | 2 | |
|---|---|---|---|---|---|---|

**ਅੰਤਰਾ :**

| | | | | | | |
|---|---|---|---|---|---|---|
| ਮ | ਪ | ਪ | ਨ਼ੀ | ਪ | ਨੀ | ਨੀ |
| ਇਨ | ਬਿ | ਧਿ | ਹ | ਰਿ | ਮਿ | ਲੀ |
| ਸਂ | ਸਂ | ਸਂ | ਰੇਂ | ਨੀ | ਸਂ | ਸਂ |
| ਐ | ਵ | ਰ | ਕਾ | S | ਮ | ਨਿ |
| ਰੇਂ | ਰੇਂ | ਮਂ | ਰੇਂ | - | ਸਂ | ਰੇਂ |
| ਧ | ਨ | ਸੋ | ਹਾ | S | ਗੁ | S |
| ਨੀ | - | - | ਸਂ | - | ਸਂਰੇਂ | ਨੀਸਂ |
| ਪਿਆ | S | S | ਰੀ | S | S S | SS |
| ਮ | ਪ | ਪ | ਨ਼ੀ | ਪ | ਨੀ | ਨੀ |
| ਜਾ | ਤਿ | ਬ | ਰ | ਨ | ਕੁ | ਲ |
| ਸਂ | ਸਂ | ਸਂ | ਰੇਂ | ਨੀ | ਸਂ | ਸਂ |
| ਸਹ | ਸਾ | S | ਚੂ | S | ਕਾ | S |
| ਰੇਂ | ਰੇਂ | ਮਂ | ਰੇਂ | ਰੇਂ | ਸਂ | ਰੇਂ |
| ਗੁਰ | ਮ | ਤਿ | ਸ | ਬ | ਦਿ | ਬੀ |
| ਨੀ | - | - | ਸਂ | - | ਨ਼ੀਪ | ਮਪ |
| ਚਾ | S | S | ਰੀ | S | SS | SS |
| ਮ | ਰੇ | ਰੇ | ਪ | ਪ | ਪ | ਪ |
| ਗੁਰਿ | ਮ | ਤਿ | ਸ | ਬ | ਦਿ | ਬੀ |
| ਮ | ਰੇ | ਨ਼ੀ | ਸ | - | ਸ | - |
| ਚਾ | S | S | ਰੀ | S | S | S |

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

## ਸ਼ਬਦ ਬੋਲ ਵੰਡ:

(1)

| × 0 | | | 1 | | 2 | |
|---|---|---|---|---|---|---|
| ਰੇਮ | ਪਨ̱ੀ | ਮਪ | ਨੀ | – | ਨੀ | – |
| ਦੂ S | Sਰ | ਨਾ S | ਹੀ | S | S | S |
| ਰੇਮ | ਪਨ̱ੀ | ਮਪ | ਸਂ | – | ਸਂ | – |
| ਦੂ S | Sਰ | ਨਾ S | ਹੀ | S | S | S |
| ਰੇਂ | ਰੇਂ | ਸਂ | ਰੇਂ | – | ਸਂ | – |
| ਮੇ | ਰੋ | ਪ੍ਰਭ | ਪਿਆ | S | ਰਾ | S |
| ਨ̱ੀ | ਨ̱ੀ | ਪਮ | ਪ | – | ਪ | – |
| ਮੇ | ਰੋ | ਪ੍ਰਭ | ਪਿਆ | S | ਰਾ | S |
| ਮ | ਮ | ਰੇਸ | ਰੇ | – | ਸ | – |
| ਮੇ | ਰੋ | ਪ੍ਰਭ | ਪਿਆ | S | ਰਾ | S |

(2)

| | | | | | | |
|---|---|---|---|---|---|---|
| ਮਰੇ | ਪਮ | ਨ̱ੀ | ਨ̱ੀ | ਪ | ਪ | ਪ |
| ਦੂ S | Sਰ | ਨਾ | ਹੀ | S | S | S |
| ਮਪ | ਨੀਸਂ | ਰੇਂਸਂ | ਰੇਂ | – | ਰੇਂ | – |
| ਦੂ S | Sਰ | ਨਾ S | ਹੀ | S | S | S |
| ਮਂ | ਰੇਂ | ਰੇਂ | ਨੀ | – | ਸਂ | – |
| ਮੇ | ਰੋ | ਪ੍ਰਭ | ਪਿਆ | S | ਰਾ | S |
| ਨ̱ੀ | ਨ̱ੀ | ਪਮ | ਪ | – | ਪ | – |
| ਮੇ | ਰੋ | ਪ੍ਰਭ | ਪਿਆ | S | ਰਾ | S |
| ਮ | ਮ | ਰੇਸ | ਰੇ | – | ਸ | – |
| ਮੇ | ਰੋ | ਪ੍ਰਭ | ਪਿਆ | S | ਰਾ | S |

ਮੋਦੀ ਕਾਲਿਜ, ਪਟਿਆਲਾ

ਸਾਰਗ ਮਹਲਾ ੧ ॥

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥
My Beloved Lord God is not far away.

ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥੧॥ ਰਹਾਉ ॥
My mind is pleased and appeased by the Word of the True Guru's Teachings. I have found the Lord, the Support of my breath of life. ||1||Pause||

ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥
This is the way to meet your Husband Lord. Blessed is the soul-bride who is loved by her Husband Lord.

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥
Social class and status, race, ancestry and skepticism are eliminated, following the Guru's Teachings and contemplating the Word of the Shabad. ||1||

ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥
One whose mind is pleased and appeased, has no egotistical pride. Violence and greed are forgotten.

ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥
The soul-bride intuitively ravishes and enjoys her Husband Lord; as Gurmukh, she is embellished by His Love. ||2||

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
Burn away any love of family and relatives, which increases your attachment to Maya.

ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥
One who does not savor the Lord's Love deep within, lives in duality and corruption. ||3||

ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ ॥
His Love is a priceless jewel deep within my being; the Lover of my Beloved is not hidden.

ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥੪॥੩॥
O Nanak, as Gurmukh, enshrine the Priceless Naam deep within your being, all the ages through. ||4||3||

ਅੰਗ ੧੧੯੭

# ਸ਼ੋਕ ਮਤਾ

ਬੀਬੀ ਜਸਬੀਰ ਕੌਰ ਖਾਲਸਾ, ਚੇਅਰਪਰਸਨ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ ਅੱਜ ਮਿਤੀ 10 ਫਰਵਰੀ, 2011 ਨੂੰ ਬਾਅਦ ਦੁਪਹਿਰ 2.25 ਵਜੇ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਹਨ। ਬੀਬੀ ਜਸਬੀਰ ਕੌਰ ਖਾਲਸਾ ਨੇ ਆਪਣਾ ਸਮੁੱਚਾ ਜੀਵਨ ਸਿੱਖੀ ਅਤੇ ਵਿਸ਼ੇਸ਼ ਕਰਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਸਮਰਪਿਤ ਕੀਤਾ ਹੋਇਆ ਸੀ। ਬਚਪਨ ਤੋਂ ਹੀ ਧਾਰਮਿਕ ਬਿਰਤੀਆਂ ਦੇ ਧਾਰਨੀ ਬੀਬੀ ਜਸਬੀਰ ਕੌਰ ਖਾਲਸਾ ਨੇ ਗੁਰਮਤਿ ਕਾਲਜ ਤੋਂ ਐਮ.ਏ. ਕੀਤੀ ਅਤੇ ਦੇਸ਼ ਵਿਦੇਸ਼ ਵਿੱਚ ਸਿੱਖੀ ਦਾ ਨਿਰੰਤਰ ਕਈ ਵਰ੍ਹੇ ਪ੍ਰਚਾਰ ਕੀਤਾ। ਜਵੱਦੀ ਟਕਸਾਲ, ਲੁਧਿਆਣਾ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਨਾਲ ਆਪ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਚਲਾਈ, ਸੈਮੀਨਾਰ ਕਰਵਾਏ ਅਤੇ ਰਾਗ ਨਿਰਣਾਇਕ ਕਮੇਟੀ ਦੀ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ। ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਨਾਲ ਮਿਲਕੇ ਆਪ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਕਰਵਾਈ। ਆਪਨੇ ਦੇਸ਼ ਵਿਦੇਸ਼ ਵਿਚ ਗੁਰਮਤਿ ਸੰਗੀਤ ਦੇ ਕਈ ਸਮਾਗਮ ਕਰਵਾਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨਾਲ ਮਿਤੀ 8 ਫਰਵਰੀ, 2011 ਨੂੰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਅਲਾ ਵਿਖੇ ਬਸੰਤ ਗੁਰਮਤਿ ਸੰਗੀਤ ਕੀਰਤਨ ਦਰਬਾਰ ਕਰਵਾਉਣ ਉਪਰੰਤ ਰਾਤ ਨੂੰ ਆਪ ਦੀ ਸਿਹਤ ਵਿਗੜ ਗਈ। ਉਪਰੰਤ ਆਪ 10 ਫਰਵਰੀ, 2011 ਨੂੰ ਆਪਣੇ ਗ੍ਰਹਿ ਵਿਖੇ ਅਰਦਾਸ ਕਰਨ ਉਪਰੰਤ ਗੁਰ ਚਰਨਾਂ ਵਿਚ ਜਾ ਵਿਰਾਜੇ।

ਆਪ ਦਾ ਸਮੁੱਚਾ ਜੀਵਨ ਸਿੱਖੀ ਸਿਦਕ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਬਿਤਿਆ। ਗੁਰਮਤਿ ਸੰਗੀਤ ਦੇ ਹਲਕਿਆਂ ਵਿਚ ਆਪ ਦਾ ਘਾਟਾ ਕਦੇ ਵੀ ਪੂਰਨ ਨਹੀਂ ਕੀਤਾ ਜਾ ਸਕਦਾ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ. ਜਸਪਾਲ ਸਿੰਘ ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ, ਡਾ. ਗੁਰਨਾਮ ਸਿੰਘ ਡੀਨ ਫੈਕਲਟੀ ਆਫ ਆਰਟ ਐਂਡ ਕਲਚਰ ਅਤੇ ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਚੇਅਰ ਗੁਰਮਤਿ ਸੰਗੀਤ ਵਿਭਾਗ, ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ, ਗਿਆਨੀ ਤਰਲੋਚਨ ਸਿੰਘ ਜਥੇਦਾਰ ਕੇਸਗੜ੍ਹ ਸਾਹਿਬ, ਡਾ. ਜਾਗੀਰ ਸਿੰਘ ਨੇ ਗੁਰਮਤਿ ਸੰਗੀਤ ਵਿਭਾਗ ਗੁਰਮਤਿ ਸੰਗੀਤ ਚੇਅਰ, ਸਮੂਹ ਮੈਂਬਰ ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ ਨਵੀਂ ਦਿੱਲ, ਪੰਜਾਬੀ ਯੂਨੀਵਰਸਿਟੀ ਦੀ ਫੈਕਲਟੀ, ਗੁਰਮਤਿ ਸੰਗੀਤ ਫਾਊਂਡੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੀ.ਟੀ.ਸੀ ਚੈਨਲ ਅਤੇ ਅੰਮ੍ਰਿਤ ਕੀਰਤਨ ਦੇ ਸਮੂਹ ਪ੍ਰਬੰਧਨ ਵਲੋਂ ਬੀਬੀ ਜਸਬੀਰ ਕੌਰ ਖਾਲਸਾ ਦੇ ਸ਼ੋਕ ਤੇ ਪ੍ਰਗਟਾਵਾ ਕੀਤਾ ਗਿਆ।



# ਬੀਬੀ ਜਸਵੀਰ ਕੌਰ ਖਾਲਸਾ

ਜਨਮ : 5 ਜੁਲਾਈ 1947

ਦੇਹਾਂਤ : 10 ਫਰਵਰੀ 2011

Postal Regd. No. G/CDH/0045/2009-10 RNI Regd. No. 46788/89 ISSN 0972-2335

# AN APPEAL

Donations for Amrit Kirtan Trust (Regd.) are eligible for relief u/s 80 G of Income Tax Act, 1961 (43 of 1961) vide CIT/-I/CHD/Tech./80-G/ 2008-939 dated 19-05-2008 - valid up to 31/03/2012.

Please Donate only 1% of your Income to continue Receiving/Partaking the Langar of Kirtan CDs and Amrit Kirtan Magazine.

Now you can deposit Subscription for Amrit Kirtan (Monthly Magazine) Online in Favour of Amrit Kirtan Trust (Regd.) Current A/C No.65079603302 at State Bank of Patiala, Sector 22-B, Chandigarh.

**Dr. Jagir Singh**
Chairman, Amrit Kirtan Trust (Regd.)
# 422, Sector 15-A, Chandigarh-160015
**Mobile**:098140 53630;
**Phone**: 0172-277660
**Email**: drjagirsingh@gmail.com
**Website**: http://amritkirtan.com